
ਜੂਨ 2015, ਅੰਕ 1

Magazine on Low External Input Sustainable Agriculture

# LEISA INDIA

ਖਾਸ ਪੰਜਾਬੀ ਸੰਸਕਰਨ



**ਲੀਜ਼ਾ ਪੰਜਾਬੀ**

***ਜੂਨ, 2015***

ਲੀਜ਼ਾ ਇੰਡੀਆ ਦਾ ਤੀਜਾ ਪੰਜਾਬੀ ਅੰਕ ਲੀਜ਼ਾ ਇੰਡੀਆ ਦੇ ਸਹਿਯੋਗ ਨਾਲ ਖੇਤੀ ਵਿਰਾਸਤ ਮਿਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਲੀਜ਼ਾ ਇੰਡੀਆ ਵਿੱਚ ਪ੍ਰਕਾਸ਼ਿਤ ਅੰਗਰੇਜ਼ੀ ਦੇ ਕੁੱਝ ਮੂਲ ਲੇਖਾਂ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਨਜ਼ਰ ਕੀਤਾ ਗਿਆ ਹੈ।



AME Foundation
No. 204, 100 Feet Ring Road, 3rd Phase,
Banashankari 2nd block, 3rd stage,
Bangalore- 560085 , India
Tel: +91-080-22699512, +91-080-22699522
Fax: +91-080-22699410
E-Mail: leisaindia@yahoo.co.in

*ਖੇਤੀ ਵਿਰਾਸਤ ਮਿਸ਼ਨ*
*ਗਲੀ ਨੰ. 4, ਆਰ. ਵੀ. ਸ਼ਾਂਤੀ ਨਗਰ,ਬਾਜਾਖਾਨਾ ਰੋਡ,*
*ਜੈਤੋ-151202 ਸੰਪਰਕ: 01635-231415, 503415*
*ਵੈੱਬਸਾਈਟ:* khetivirasatmission.org
*ਈਮੇਲ:* khetivirasatmission@gmail.com



*ਲੀਜ਼ਾ ਇੰਡੀਆ ਏ. ਐੱਮ. ਈ. ਫਾਂਊਂਡੇਸ਼ਨ ਦੁਆਰਾ ਆਈ. ਐੱਲ. ਈ. ਆਈ. ਏ. ਦੇ ਸਹਿਯੋਗ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਤ੍ਰੈਮਾਸਿਕ ਪੱਤ੍ਰਿਕਾ ਹੈ।*

***ਮੁੱਖ ਸੰਪਾਦਕ:*** *ਕੇ. ਵੀ. ਐੱਸ. ਪ੍ਰਸ਼ਾਦ, ਏ. ਐਮ. ਈ. ਫਾਂਊਂਡੇਸ਼ਨ*
***ਪ੍ਰਬੰਧਕ ਸੰਪਾਦਕ:*** *ਟੀ.ਐੱਮ. ਰਾਧਾ, ਏ. ਐੱਮ. ਈ. ਫਾਂਊਂਡੇਸ਼ਨ*
***ਅਨੁਵਾਦ ਕੋਆਰਡੀਨੇਅਰ:*** *ਪੁਰਨੀਮਾ, ਏ. ਐੱਮ. ਈ. ਫਾਂਊਂਡੇਸ਼ਨ*
***ਸੰਪਾਦਕ ਮੰਡਲ ਅਤੇ ਪੰਜਾਬੀ ਸੰਸਕਰਨ:*** ਉਮੇਂਦਰ ਦੱਤ, ਗੁਰਪ੍ਰੀਤ ਦਬੜ੍ਹੀਖਾਨਾ, ਜਗਤਾਰ ਸਿੰਘ ਧਾਲੀਵਾਲ, ਅਮਨਜੋਤ ਕੌਰ
**ਪ੍ਰਬੰਧਨ:** ਜੀ.ਜੀ.ਰੁਕਮਨੀ, ਏ.ਐੱਮ.ਈ.ਫਾਂਊਂਡੇਸ਼ਨ
**ਲੇਆਉਟ ਅਤੇ ਟਾਈਪ ਸੈਟਿੰਗ:** ਜਗਜੀਤ ਸਿੰਘ ਬਰਾੜ
**ਛਪਾਈ:** ਆਰ.ਡੀ.ਇੰਟਰਪ੍ਰਾਈਜਜ਼, ਇੰਡਸਟ੍ਰੀਅਲ ਏਰੀਆ, ਫੇਜ਼-1, ਚੰਡੀਗੜ੍ਹ
**ਆਵਰਣ ਫੋਟੋ:** ਖੇਤੀ ਵਿਰਾਸਤ ਮਿਸ਼ਨ
**ਲੀਜ਼ਾ ਪੱਤ੍ਰਿਕਾ ਦੇ ਹੋਰ ਪ੍ਰਕਸ਼ਨ:** ਫਾਰਮਿੰਗ ਮੈਟਰਜ਼ (ਅੰਗਰੇਜ਼ੀ)
ਲੀਸਾ ਰੀਵਿਸਟਾ ਡੇ ਐਗਰੋਈਕੋਲੋਜ਼ੀਆ (ਲਾਤੀਨੀ ਸੰਸਕਰਨ)
ਲੀਸਾ ਇੰਡੀਆ (ਅੰਗਰੇਜ਼ੀ, ਕੰਨੜਾ, ਤਾਮਿਲ, ਹਿੰਦੀ ਅਤੇ ਤੇਲਗੂ ਸੰਸਕਰਨ)
ਐਗਰੀਡੇਪ (ਪੱਛਮੀ ਅਫਰੀਕਾ, ਫਰੈਂਚ ਸੰਸਕਰਨ)
ਐਗਰੀਕਲਚਰਜ਼ ਐਕਸਪੀਰੀਐਂਸਿਆਸ ਏਮ ਐਗਰੋਈਕੋਲੋਜ਼ੀਆ ਬ੍ਰਾਜ਼ੀਲ
ਲੀਸਾ ਚਾਈਨਾ ਅਤੇ ਬੋਆਬਾਬ(ਈਸਟ ਅਫਰੀਕਾ ਅੰਗਰੇਜ਼ੀ ਸੰਸਕਰਨ)



ਸੰਪਾਦਕ ਵੱਲੋਂ ਲੇਖਾਂ ਵਿੱਚ ਪ੍ਰਕਾਸ਼ਿਤ ਜਾਣਕਾਰੀ ਬਾਰੇ ਪੂਰੀ ਸਾਵਧਾਨੀ ਵਰਤੀ ਗਈ ਹੈ। ਫਿਰ ਵੀ ਸਾਂਝੀ ਕੀਤੀ ਗਈ ਜਾਣਕਾਰੀ ਵਿੱਚ ਕਿਸੇ ਵੀ ਕਮੀ ਦੀ ਜ਼ਿੰਮੇਵਾਰ ਸਬੰਧਤ ਲੇਖਕ ਦੀ ਹੋਵੇਗੀ।



**ਮਾਇਜੇਰੀਅਰ ਦੇ ਸਹਿਯੋਗ ਅਤੇ ਖੇਤੀ ਵਿਰਾਸਤ ਮਿਸ਼ਨ ਉੱਦਮ ਸਦਕਾ**
**ਏ.ਐੱਮ.ਈ. ਦੁਆਰਾ ਪ੍ਰਕਾਸ਼ਿਤ**


## ਪਿਆਰੇ ਪਾਠਕੋ

ਏ.ਐੱਮ.ਈ. ਫਾਂਊਂਡੇਸ਼ਨ ਦੁਆਰਾ ਭਾਰਤ ਵਿੱਚ ਪ੍ਰਕਾਸ਼ਿਤ ਕੌਮਾਂਤਰੀ ਖੇਤੀ ਪੱਤ੍ਰਿਕਾ ਲੀਜ਼ਾ ਇੰਡੀਆਂ ਦੇ ਖੇਤੀ ਵਿਰਾਸਤ ਮਿਸ਼ਨ ਵੱਲੋਂ ਕੱਢੇ ਗਏ ਪੰਜਾਬੀ ਸੰਸਕਰਨ ਦਾ ਤੀਜਾ ਅੰਕ ਆਪਜੀ ਦੀ ਨਜ਼ਰ ਕਰਦਿਆਂ ਸਾਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਪਤ੍ਰਿਕਾ ਨੂੰ ਆਪਜੀ ਤੋਂ ਮਿਲ ਰਹੇ ਭਰਭੂਰ ਹੁੰਗਾਰੇ ਅਤੇ ਪਿਆਰ ਸਦਕਾ ਲੀਜ਼ਾ ਪੰਜਾਬੀ ਰਾਹੀਂ ਆਪਜੀ ਨਾਲ ਉੱਚ ਮਿਆਰੀ ਅਤੇ ਅਰਥਪੂਰਨ ਜਾਣਕਾਰੀ ਸਾਂਝੀ ਕਰਨ ਲਈ ਅਸੀਂ ਹੋਰ ਵੀ ਪ੍ਰਤੀਬੱਧ ਹੋ ਗਏ ਹਾਂ।

ਸਾਡੀ ਹਮੇਸ਼ਾ ਇਹ ਹੀ ਕੋਸ਼ਿਸ਼ ਰਹੇਗੀ ਕਿ 'ਲੀਜ਼ਾ ਇੰਡੀਆ' ਦੁਆਰਾ ਖੇਤੀ ਦੀ ਬਿਹਤਰੀ ਅਤੇ ਖੇਤੀ ਨੂੰ ਟਿਕਾਊ ਆਜੀਵਿਕਾ ਦਾ ਸਨਮਾਨਜਨਕ ਸਾਧਨ ਬਣਾਉਣ ਲਈ ਚੇਤਨ ਕਿਸਾਨਾਂ ਅਤੇ ਕਿਸਾਨ ਹਿਤੈਸ਼ੀ ਸੰਸਥਾਵਾਂ ਦੁਆਰਾ ਕੀਤੇ ਜਾ ਰਹੇ ਕਾਮਯਾਬ ਤਜ਼ਰਬਿਆਂ ਅਤੇ ਵਿਕਸਤ ਕੀਤੀਆਂ ਜਾ ਰਹੀਆਂ ਕਿਸਾਨ ਅਤੇ ਕੁਦਰਤ ਪੱਖੀ ਖੇਤੀ ਤਕਨੀਕਾਂ ਨੂੰ ਆਪਜੀ ਨਾਲ ਨਿਰੰਤਰ ਸਾਂਝਾ ਕੀਤਾ ਜਾਵੇ।

ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਗਿਆਨ, ਜਾਣਕਾਰੀ ਅਤੇ ਤਕਨੀਕਾਂ ਦਾ ਇਹ ਲਿਪੀਬੱਧ ਆਦਾਨ-ਪ੍ਰਦਾਨ ਹਰ ਪੱਖੋਂ ਸਟੀਕ ਅਤੇ ਭਰੋਸੇਮੰਦ ਹੋਵੇ। ਪੱਤ੍ਰਿਕਾ ਦੇ ਇਸ ਅੰਕ ਵਿੱਚ 'ਲੀਜ਼ਾ ਇੰਡੀਆ' ਦੇ ਮੂਲ ਅੰਗਰੇਜ਼ੀ ਸੰਸਕਰਨ 'ਚ ਮਾਰਚ 2014 ਤੋਂ ਦਸੰਬਰ 2014 ਦੌਰਾਨ ਪ੍ਰਕਾਸ਼ਿਤ ਕੁੱਝ ਚੋਣਵੇਂ ਪ੍ਰੇਰਕ ਲੇਖਾਂ ਦਾ ਪੰਜਾਬੀ ਉਲੱਥਾ ਇਸ ਆਸ ਨਾਲ ਆਪਜੀ ਦੀ ਨਜ਼ਰ ਕਰਨ ਜਾ ਰਹੇ ਹਾਂ ਸਬੰਧਤ ਜਾਣਕਾਰੀ ਆਪਜੀ ਲਈ ਲਾਹੇਵੰਦ ਸਿੱਧ ਹੋਵੇਗੀ।

ਲੀਜ਼ਾ ਇੰਡੀਆ ਟੀਮ

***ਲੀਜ਼ਾ*** ਘੱਟ ਬਾਹਰੀ ਆਗਤਾਂ ਅਤੇ ਟਿਕਾਊ ਖੇਤੀ ਦੀ ਸਿਰਮੌਰ ਪੱਤ੍ਰਿਕਾ ਹੈ। ਇਹ ਕੁਦਰਤ ਨਾਲ ਇੱਕਮਿੱਕਤਾ ਰਾਹੀਂ ਫਸਲਾਂ ਦਾ ਉਤਪਾਦਨ ਅਤੇ ਆਪਣੀ ਆਮਦਨ ਵਧਾਉਣ ਲਈ ਕਾਰਜਸ਼ੀਲ ਕਿਸਾਨਾਂ ਨੂੰ ਤਕਨੀਕੀ ਅਤੇ ਸਮੁਦਾਇਕ ਪਹਿਲਕਦਮੀਆਂ ਤੋਂ ਜਾਣੂ ਕਰਵਾਵਉਂਦੀ ਹੈ। ਲੀਜ਼ਾ ਕੁਦਰਤੀ ਸੋਮਿਆਂ ਅਤੇ ਕੁਦਰਤੀ ਪ੍ਰਕਿਰਿਆਵਾਂ ਦੇ ਸਰਵਉੱਤਮ ਇਸਤੇਮਾਲ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ ਉਹਨਾਂ ਇਸਤ੍ਰੀ, ਪੁਰਸ਼ ਕਿਸਾਨਾਂ ਅਤੇ ਸਮੁਦਾਇਆਂ ਦੇ ਸ਼ਸ਼ਕਤੀਕਰਨ ਲਈ ਕਾਰਜਸ਼ੀਲ ਹੈ ਜਿਹੜੇ ਕਿ ਆਪਣੇ ਗਿਆਨ, ਹੁਨਰ, ਆਪਣੀਆਂ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਅਦਾਰਿਆਂ ਦੇ ਆਧਾਰ 'ਤੇ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ। ਲੀਜ਼ਾ ਖੇਤੀ ਵਿੱਚ ਸੁਧਾਰ ਅਤੇ ਇਸਨੂੰ ਬਦਲਦੀਆਂ ਹਾਲਤਾਂ ਅਤੇ ਜ਼ਰੂਰਤਾਂ ਮੁਤਾਬਿਕ ਢਾਲਣ ਲਈ ਖੇਤੀ ਦੇ ਸਹਿਭਾਗੀ ਤਰੀਕੇ ਅਪਣਾ ਕੇ ਕਿਸਾਨਾਂ ਅਤੇ ਖੇਤੀ ਨਾਲ ਜੁੜੇ ਹੋਰਨਾ ਲੋਕਾਂ ਦੀ ਸਮਰਥਾ ਵਧਾਉਣ 'ਤੇ ਜ਼ੋਰ ਦਿੰਦੀ ਹੈ। ਲੀਜ਼ਾ ਰਵਾਇਤੀ ਗਿਆਨ ਅਤੇ ਵਿਗਿਆਨ ਨੂੰ ਆਪਸ ਵਿੱਚ ਜੋੜ ਕੇ ਨੀਤੀ ਨਿਰਮਾਣ ਕਾਰਜ ਨੂੰ ਪ੍ਰਭਾਵਿਤ ਕਰਦੇ ਹੋਏ ਅਗਲੇਰੇ ਵਿਕਾਸ ਲਈ ਅਨੁਕੂਲ ਵਾਤਾਵਰਣ ਤਿਆਰ ਕਰਨ ਦੀ ਇੱਛਾ ਰੱਖਦੀ ਹੈ। ਲੀਜ਼ਾ ਇੱਕ ਵਿਚਾਰ ਹੈ, ਇੱਕ ਪਹੁੰਚ ਹੈ ਇੱਕ ਰਾਜਨੀਤਕ ਸੁਨੇਹਾਂ ਹੈ।

**ਏ.ਐੱਮ.ਈ. ਫਾਂਊਂਡੇਸ਼ਨ** ਰਵਾਇਤੀ ਗਿਆਨ ਅਤੇ ਨਿਵੇਕਲੀਆਂ ਤਕਨੀਕਾਂ ਦੇ ਮਾਧਿਅਮ ਨਾਲ ਘੱਟ ਬਾਹਰੀ ਆਗਤ ਪ੍ਰਬੰਧਨ ਰਾਹੀਂ ਟਿਕਾਊ ਰੋਜ਼ਗਾਰ ਪੈਦਾ ਕਰਨ ਨੂੰ ਉਤਸ਼ਾਹਿਤ ਕਰਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਏ.ਐੱਮ.ਈ. ਫਾਂਊਂਡੇਸ਼ਨ ਦੱਖਣ ਦੇ ਅਰਧ ਖੁਸ਼ਕ ਖੇਤਰ ਵਿੱਚ ਛੋਟੇ ਅਤੇ ਸੀਮਾਂਤ ਕਿਸਾਨਾਂ ਨਾਲ ਮਿਲ ਕੇ ਖੇਤੀ ਦੇ ਬਦਲ ਤਿਆਰ ਕਰਨ, ਗਿਆਨ ਵਧਾਉਣ, ਸਿਖਲਾਈ, ਖੇਤੀ ਨੂੰ ਵਿਕਾਸ ਏਜੰਸੀਆਂ ਨਾਲ ਜੋੜਨ ਅਤੇ ਅਨੁਭਵ ਵੰਡਣ ਦਾ ਕੰਮ ਕਰ ਰਹੀ ਹੈ। ਏ.ਐੱਮ.ਈ. ਫਾਂਊਂਡੇਸ਼ਨ ਪਿੰਡਾਂ ਦੇ ਗੁੱਛਿਆਂ ਵਿੱਚ ਇੱਛਕ ਕਿਸਾਨ ਸਮੂਹਾਂ ਨਾਲ ਉਹਨਾਂ ਨੂੰ ਬਦਲਵੇਂ ਖੇਤੀ ਪੱਦਤੀ ਤਿਆਰ ਕਰਨ ਅਤੇ ਅਪਣਾਉਣ ਦੇ ਯੋਗ ਬਣਾਉਣ ਦਾ ਕਾਰਜ ਪੂਰੀ ਸ਼ਿੱਦਤ ਨਾਲ ਕਰ ਰਹੀ ਹੈ। ਇਹ ਸਥਾਨ ਸਬੰਧਤ ਕਿਸਾਨਾਂ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਅਦਾਰਿਆਂ ਲਈ ਉਹਨਾਂ ਦੀ ਦੇਖਣ-ਸਮਝਣ ਦੀ ਸਮਰਥਾ ਵਿੱਚ ਵਾਧਾ ਕਰਨ ਲਈ ਸਿੱਖਣ ਲਾਇਕ ਹਾਲਤਾਂ ਦੇ ਮੁਹੱਈਆ ਕਰਦੇ ਹਨ। ਇਸ ਵਿੱਚ ਗ਼ੈਰ ਸਰਕਾਰੀ ਸੰਗਠਨ ਅਤੇ ਗ਼ੈਰ ਸਰਕਾਰੀ ਸੰਗਠਨਾਂ ਦੇ ਨੈੱਟਵਰਕ ਵੀ ਸ਼ਾਮਿਲ ਹੈ। www.amefound.org

**ਖੇਤੀ ਵਿਰਾਸਤ ਮਿਸ਼ਨ** ਸਵੈਨਿਰਭਰ, ਸਵੈਮਾਣੀ, ਸਵਦੇਸ਼ੀ ਖੇਤੀ ਅਤੇ ਸਰਬਤ ਦੇ ਭਲੇ ਨੂੰ ਸਮਰਪਿਤ ਲੋਕ ਲਹਿਰ ਹੈ। ਆਪਣੇ ਜਨਮ ਵਰ੍ਹੇ ਮਾਰਚ, 2005 ਤੋਂ ਹੀਇਹ ਪੰਜਾਬ ਨੂੰ ਦੇਰਪੇਸ਼ ਖੇਤੀ ਸਿਹਤਾਂ ਅਤੇ ਵਾਤਾਵਰਣ ਦੇ ਅਤਿ ਗੰਭੀਰ ਸੰਕਟ ਖਿਲਾਫ਼ ਆਮ ਲੋਕਾਂ ਨੂੰ ਚੇਤਨ ਕਰਦੇ ਹੋਏ ਇਸ ਸੰਕਟ ਦੇ ਮੂਲ ਕਾਰਣ ਜ਼ਹਿਰੀਲੀ ਰਸਾਇਣਿਕ ਖੇਤੀ ਦੇ ਬਦਲ ਵਜੋਂ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸਥਾਪਨਾ ਲਈ ਯਤਨਸ਼ੀਲ ਹੈ। ਵਰਤਮਾਨ ਸਮੇਂ ਸੂਬੇ ਭਰ ਵਿੱਚ ਸੈਂਕੜੇ ਕਿਸਾਨ ਖੇਤੀ ਵਿਰਾਸਤ ਮਿਸ਼ਨ ਦੀ ਰਹਿਨੁਮਾਈ ਵਿੱਚ ਪੂਰੀ ਸਫਲਤਾ ਨਾਲ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸੁਨਹਿਰੀ ਇਬਾਰਤ ਲਿਖ ਰਹੇ ਹਨ। (www.khetivirasatmission.org)

**ਮਾਇਜੇਰੀਅਰ** ਦੀ ਸਥਾਪਨਾਂ 1958 ਵਿੱਚ ਹੋਈ। ਇਹ ਜ਼ਰਮਨ ਕੈਥੋਲਿਕ ਬਿਸ਼ਪ ਦੀ ਵਿਕਾਸਤਮਕ ਸਹਿਯੋਗ ਨਾਮਕ ਸੰਸਥਾ ਹੈ। ਬੀਤੇ 50 ਤੋਂ ਵੀ ਜਿਆਦਾ ਸਾਲਾਂ ਤੋਂ ਮਾਇਜੇਰੀਅਰ ਅਫਰੀਕਾ, ਏਸ਼ੀਆ ਅਤੇ ਲੈਟਿਨ ਅਮਰੀਕਾ ਵਿੱਚ ਗਰੀਬੀ ਖਿਲਾਫ਼ ਲੜਨ ਲਈ ਵਚਨਬੱਧ ਹੈ। ਜਾਤੀ, ਧਰਮ ਅਤੇ ਲਿੰਗ ਭੇਦ ਤੋਂ ਉਪਰਾਮ ਮਾਇਜੇਰੀਅਰ ਕਿਸੇ ਵੀ ਮਨੁੱਖੀ ਜ਼ਰੂਰਤ ਦੀ ਪੂਰਤੀ ਹਿੱਤ ਸਹਿਯੋਗ ਲਈ ਤਤਪਰ ਹੈ। ਮਾਇਜੇਰੀਅਰ ਗਰੀਬਾਂ ਅਤੇ ਜ਼ਰੂਰਤਮੰਦਾ ਦੁਆਰਾ ਸ਼ੁਰੂ ਕੀਤੇ ਅਤੇ ਅਪਣਾਏ ਗਏ ਕਾਰਜਾਂ ਨੂੰ ਸਹਿਯੋਗ ਕਰਨ ਵਿੱਚ ਵਿਸ਼ਵਾਸ ਰਖਦਾ ਹੈ। ਇਹ ਆਪਣੇ ਸਥਾਨਕ ਭਾਗੀਦਾਰਾਂ ਨਾਲ ਮਿਲ ਕੇ ਕੰਮ ਕਰਨ ਨੂੰ ਪਹਿਲ ਦਿੰਦਾ ਹੈ। ਇਹ ਲਾਭਪਾਤਰੀਆਂ ਅਤੇ ਸਹਿਯੋਗੀ ਸੰਗਠਨਾਂ ਨੂੰ ਨਾਲ ਲੈ ਕੇ ਵਿਕਾਸ ਦੇ ਸਥਾਨਕ ਕਾਰਜਾਂ ਦੀ ਰੂਪਰੇਖਾ ਤੈਅ ਕਰਦਾ ਹੈ ਅਤੇ ਸਬੰਧਤ ਪ੍ਰੋਜੈਕਟ ਲਾਗੂ ਕਰਨ ਵਿੱਚ ਸਹਿਯੋਗ ਕਰਦਾ ਹੈ। ਇਹ ਹੀ ਕਾਰਨ ਹੈ ਕਿ ਮਾਇਜੇਰੀਅਰ ਆਪਣੇ ਸਹਿਭਾਗੀਆਂ ਨਾਲ ਮਿਲ ਕੇ ਨਿਰੰਤਰ ਬਦਲਦੀਆਂ ਚੁਣੌਤੀਆਂ ਪ੍ਰਤਿ ਤਿਆਰ-ਬਰ-ਤਿਆਰ ਖੜਾ ਹੈ। (www.misereor.de;misereor.org)

# ਇਸ ਅੰਕ ਵਿੱਚ





### ਖ਼ੁਰਾਕ ਸੁਰੱਖਿਆ ਅਤੇ ਆਜੀਵਿਕਾ ਸੁਧਾਰ ਲਈ ਬੀਜ ਸੰਪ੍ਰਭੂਤਾ

ਬੀਜ ਜੋ ਕਿ ਇੱਕ ਸਮੁਦਾਇਕ ਸਰੋਤ ਵਜੋਂ ਧਿਆਨ ਨਾਲ ਉਗਾਇਆ, ਸੰਭਾਲਿਆ ਗਿਆ ਅਤੇ ਹਜ਼ਾਰਾਂ ਸਾਲਾਂ ਵਿੱਚ ਵਿਕਸਿਤ ਹੋਇਆ, ਅੱਜ ਇੱਕ 'ਵਪਾਰਕ ਮਲਕੀਅਤ ਵਾਲੇ ਸਰੋਤਾਂ' ਵਿੱਚ ਤਬਦੀਲ ਹੋ ਗਿਆ ਹੈ। ਕਿਸਾਨਾਂ ਦੁਆਰਾ ਉੱਨਤ ਕਿਸਮਾਂ ਦੀ ਸੰਭਾਲ ਅਤੇ ਵਿਕਾਸ ਨਾ ਸਿਰਫ ਖੇਤੀ ਜੈਵ ਵਿਭਿੰਨਤਾ ਨੂੰ ਪੋਸ਼ਿਤ ਕਰਨ ਦੇ ਲਈ ਬਲਕਿ ਭੋਜਨ ਸੁਰੱਖਿਆ ਅਤੇ ਟਿਕਾਊ ਆਜੀਵਿਕਾ ਲਈ ਵੀ ਉਮੀਦ ਦਿੰਦੇ ਹਨ।

ਪੇਜ ਨੰ: 5



### ਸਮਾਜ ਦੁਆਰਾ ਜੈਵ-ਵਿਭਿੰਨਤਾ ਸਮੁਦਾਇ ਆਧਾਰਿਤ ਪ੍ਰਬੰਧਨ ਦ੍ਰਿਸ਼ਟੀਕੋਣ

ਲੀ-ਬਰਡ ਨੇਪਾਲ ਵਿੱਚ ਸਮੁਦਾਇ ਆਧਾਰਿਤ ਜੈਵ ਵਿਭਿੰਨਤਾ ਪ੍ਰਬੰਧਨ ਤਰੀਕੇ ਰਾਹੀ ਕਿਸਾਨਾਂ ਦੀ ਉਹਨਾਂ ਦੇ ਖੇਤਾਂ ਵਿੱਚ ਹੀ ਅਨੁਵੰਸ਼ਿਕ ਸੰਸਾਧਨਾਂ ਨੂੰ ਵਰਤਣ ਅਤੇ ਸੰਭਾਲ ਵਿੱਚ ਮੱਦਦ ਕਰਨ ਦਾ ਕੰਮ ਕਰ ਰਹੀ ਹੈ। ਅੱਜ, ਨੇਪਾਲ ਵਿੱਚ 11 ਹਜਾਰ ਤੋਂ ਜ਼ਿਆਦਾ ਖੇਤੀ ਪਰਿਵਾਰ ਸਥਾਨਕ ਬੀਜਾਂ ਨੂੰ ਬਹਾਲ ਕਰਨ ਅਤੇ ਸੰਭਾਲ ਵਿੱਚ ਲੱਗੇ ਹੋਏ ਹਨ।

ਪੇਜ ਨੰ: 9



### ਫਸਲ ਵਿਭਿੰਨਤਾ ਦੁਆਰਾ ਜਲਵਾਯੂ ਪਰਿਵਰਤਨ ਨੂੰ ਅਨੁਕੂਲ ਬਣਾਉਣਾ

ਜਿੱਥੇ ਹਰ ਜਗ੍ਹਾ ਕਿਸਾਨ ਬਦਲਦੀਆਂ ਖੇਤੀ ਜਲਵਾਯੂ ਪਰਿਸਥਿਤੀਆਂ ਨਾਲ ਨਿਪਟਣ ਲਈ ਸੰਘਰਸ਼ ਕਰ ਰਹੇ ਹਨ, ਉੱਥੇ ਹੀ ਮਹਾਂਰਾਸ਼ਟਰ ਦੇ ਖੁੰਬਾਰਵਾੜੀ ਪਿੰਡ ਦੇ ਕੁੱਝ ਕਿਸਾਨ ਆਪਣੀ ਫਸਲੀ ਪ੍ਰਣਾਲੀ ਵਿੱਚ ਵਿਭਿੰਨਤਾ ਲਿਆ ਕੇ ਪਰਿਸਥਿਤੀਆਂ ਨੂੰ ਅਨੁਕੂਲ ਬਣਾ ਰਹੇ ਹਨ। ਫਸਲੀ ਵਿਭਿੰਨਤਾ ਨੇ ਨਾ ਸਿਰਫ ਜਲਵਾਯੂਅਤੇ ਮੰਡੀ ਦੇ ਜੋਖਿਮ ਨੂੰ ਘਟਾਇਆ ਹੈ ਬਲਕਿ ਘਰੇਲੂ ਪੱਧਰ ਤੇ ਵਿਭਿੰਨਤਾ ਭਰਪੂਰ ਅਤੇ ਪੌਸ਼ਟਿਕ ਭੋਜਨ ਵੀ ਉਪਲਬਧ ਕਰਵਾਇਆ ਹੈ।

ਪੇਜ ਨੰ: 13



### ਛੋਟੇ ਖੇਤ, ਵੱਡੀਆ ਕਮਾਈਆਂ

ਉੜੀਸਾ ਦੇ ਕੁਦਰਤੀ ਆਫ਼ਤਾਂ ਤੋਂ ਪ੍ਰਭਾਵਿਤ ਇਲਾਕੇ ਦੇ ਛੋਟੇ ਕਿਸਾਨ ਆਪਣੇ ਪਰਿਵਾਰਾਂ ਨੂੰ ਭੋਜਨ ਅਤੇ ਪੋਸ਼ਣ ਸੁਰੱਖਿਆ ਮੁਹੱਈਆਂ ਕਰਵਾਉਣ ਅਤੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨਾਲ ਨਿਪਟਣ ਲਈ ਨਵੇਂ ਢੰਗ ਤਰੀਕੇ ਖੋਜ ਰਹੇ ਹਨ। ਸਬਜ਼ੀਆਂ ਦੀ ਬਗੀਚੀ ਅਤੇ ਝੋਨੇ ਦੀ ਫ਼ਸਲ ਵਿੱਚ ਮੱਛੀ ਪਾਲਣ ਦੀ ਪਹਿਲ ਇਹਨਾਂ ਕਿਸਾਨਾਂ ਦੀਆਂ ਭੋਜਨ, ਪੋਸ਼ਣ ਅਤੇ ਆਰਥਿਕ ਲੋੜਾਂ ਪੂਰੀਆਂ ਕਰ ਰਹੀ ਹੈ।

ਪੇਜ ਨੰ: 17

ਸੰਪਾਦਕੀ

# ਜ਼ਹਿਰ ਮੁਕਤ ਜੈਵ-ਵਿਵਿਧ ਖੇਤੀ 'ਚੋਂ ਪਨਪਦੀ ਖੁਸ਼ਹਾਲੀ

ਦੇਸ ਭਰ ਵਿੱਚ ਆਧੁਨਿਕ ਰਸਾਇਣ ਅਧਾਰਤ ਏਕਲ ਫਸਲ ਪ੍ਰਣਾਲੀ ਦੀ ਖੇਤੀ ਦੇ ਚਲਦਿਆਂ ਸਮੁੱਚਾ ਕਿਸਾਨ ਭਾਈਚਾਰਾ ਖੇਤੀ, ਸਿਹਤਾਂ ਅਤੇ ਕਿਸਾਨੀ ਆਰਥਿਕਤਾ ਪੱਖੋਂ ਗੰਭੀਰ ਸੰਕਟ 'ਚ ਫਸਿਆ ਹੋਇਆ ਹੈ। ਰਸਾਇਣ ਅਧਾਰਤ ਖੇਤੀ ਦਾ ਵੱਡ ਪੱਧਰਾ ਪ੍ਰਚਾਰ ਅਤੇ ਪ੍ਰਸਾਰ ਤੰਤਰ ਦੇਸ ਦੇ ਲਗਭਗ ਹਰੇਕ ਖਿੱਤੇ ਵਿੱਚ ਕਿਸਾਨਾਂ ਨੂੰ ਆਧੁਨਿਕ ਬੀਜਾਂ, ਰਸਾਇਣਿਕ ਖਾਦਾਂ, ਖਰਪਤਵਾਰ, ਕੀਟ ਅਤੇ ਉੱਲੀ ਨਾਸ਼ਕ ਜ਼ਹਿਰਾਂ ਅਤੇ ਆਧੁਨਿਕ ਖੇਤੀ ਮਸ਼ੀਨਰੀ ਦੇ ਭਰਪੂਰ ਇਸਤੇਮਾਲ ਵਾਲੀ ਖੇਤੀ ਨਾਲ ਜੋੜਨ 'ਚ ਸਫ਼ਲ ਰਿਹਾ ਹੈ। ਭੋਲੇ-ਭਾਲੇ ਕਿਸਾਨਾਂ ਇਸ ਗੱਲੋਂ ਅਨਜਾਣ ਸਨ ਕਿ ਨੇੜ ਭਵਿੱਖ ਵਿੱਚ ਇਸ ਵਰਤਾਰੇ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ। ਉਹ ਨਹੀਂ ਸਨ ਜਾਣਦੇ ਕਿ ਖੇਤੀ ਦੀ ਇਹ ਆਧੁਨਿਕ ਪੱਧਤੀ ਉਹਨਾਂ ਨੂੰ ਬਿਮਾਰ, ਲਾਚਾਰ ਅਤੇ ਕਰਜ਼ਦਾਰ ਬਣਾਏਗੀ। ਉਹਨਾਂ ਦੇ ਰਵਾਇਤੀ ਬੀਜਾਂ ਅਤੇ ਉਹਨਾਂ ਦੇ ਖੇਤੀ ਵਿੱਚ ਪਾਈ ਜਾਣ ਵਾਲੀ ਬੇਸ਼ਕੀਮਤੀ ਜੈਵ-ਵਿਭਿੰਨਤਾ ਨੂੰ ਵੀ ਨਿਗਲ ਜਾਵੇਗੀ। ਉਹਨਾਂ ਨੂੰ ਆਪਣੇ ਖੇਤਾ ਵਿੱਚ ਉਗਾਏ ਅਤੇ ਆਪਣੇ-ਆਪ ਪੈਦਾ ਹੋਣ ਵਾਲੇ ਵੰਨ ਸੁਵੰਨੀ, ਉੱਚ ਗੁਣਵੱਤਾ ਅਤੇ ਪੋਸ਼ਣ ਭਰਪੂਰ ਖੁਰਾਕ ਤੋਂ ਵਾਂਝਿਆਂ ਕਰ ਦੇਵੇਗੀ।

ਲੀਜ਼ਾ ਦੇ ਇਸ ਅੰਕ ਵਿੱਚ ਅਸੀਂ ਪਾਠਕਾਂ ਨਾਲ ਉਹਨਾਂ ਸਧਾਰਣ ਕਿਸਾਨਾਂ ਦੀਆਂ ਕੁੱਝ ਅਜਿਹੀਆਂ ਸਫ਼ਲ ਕਹਾਣੀਆਂ ਸਾਂਝੀਆਂ ਕਰ ਰਹੇ ਹਾਂ ਜਿਹਨਾਂ ਨੇ ਬੀਜਾਂ ਪੱਖੋਂ ਸਵੈ-ਨਿਰਭਰਤਾ ਦੀ ਇਬਾਰਤ ਲਿਖਦੇ ਹੋਏ ਆਪਣੇ ਖੇਤਾਂ ਵਿੱਚ ਜੈਵ-ਵਿਭਿੰਨਤਾ ਦਾ ਭਰਪੂਰ ਵਿਕਾਸ ਕੀਤਾ ਅਤੇ ਇਸ ਵਿਚੋਂ ਜ਼ਹਿਰ ਮੁਕਤ ਸਬਜ਼ੀਆਂ ਅਨਾਜਾਂ ਦੀ ਕਾਸ਼ਤ ਕਰਕੇ ਆਰਥਿਕ ਸਥਿਰਤਾ ਹਾਸਿਲ ਕਰਨ ਵਿੱਚ ਕਾਮਯਾਬੀ ਪ੍ਰਾਪਤ ਕੀਤੀ।

ਸੰਜਯ ਐੱਮ ਪਟੇਲ ਦੁਆਰਾ ਰਚਿਤ ਪੱਤ੍ਰਿਕਾ ਦਾ ਪਹਿਲਾ ਲੇਖ '**ਖੁਰਾਕ ਅਤੇ ਆਜੀਵਿਕਾ ਸੁਧਾਰ ਲਈ ਬੀਜ ਸੰਪ੍ਰਭੂਤਾ**' ਅਜਿਹੀ ਹੀ ਇੱਕ ਸਫ਼ਲ ਕਹਾਣੀ ਕਹਿੰਦਾ ਹੈ। ਜਿੱਥੇ ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਦੇ ਜਵਾਹਰ ਬਲਾਕ ਵਿੱਚ ਸਮੁਦਾਇਕ ਅਗਵਾਈ ਵਿੱਚ ਕਿਸਾਨ ਬੀਜ ਸੰਪ੍ਰਭੂਤਾ ਹਾਸਿਲ ਕਰਨ ਵਿੱਚ ਸਫਲ ਰਹੇ। ਪੀਤਾਂਬਰ ਸ਼੍ਰੇਸ਼ਠਾ ਅਤੇ ਸਜਲ ਸਤਾਪਿਤ ਦੁਆਰਾ ਲਿਖਤ ਪੱਤ੍ਰਿਕਾ ਦਾ ਦੂਸਰਾ ਲੇਖ '**ਸਮਾਜ ਦੁਆਰਾ ਜੈਵ-ਵਿਭਿੰਨਤਾ ਸੰਰੱਖਿਅਣ ਪ੍ਰਬੰਧਨ ਅਤੇ ਦ੍ਰਿਸ਼ਟੀਕੋਣ**' ਨੇਪਾਲ ਵਿਖੇ ਲੀ-ਬਰਡ ਸੰਸਥਾ ਵੱਲੋਂ ਸਮੁਦਾਇਕ ਅਗਵਾਈ ਵਿੱਚ ਕੀਤੇ ਗਏ ਜੈਵਿਕ ਵੰਨ-ਸੁਵੰਨਤਾ ਨੂੰ ਸਹੇਜਣ ਦੇ ਉਮਦਾ ਕਾਰਜ ਦੀ ਕਾਮਯਾਬੀ ਦਾ ਜਸ਼ਨ ਹੈ। ਈਸ਼ਵਰ ਮਾਲੇ ਅਤੇ ਮਾਰਸੇਲਾ ਡਿਸੂਜਾ ਦੀ ਰਚਨਾ ਪੱਤ੍ਰਿਕਾ ਦਾ ਤੀਜਾ ਲੇਖ '**ਫ਼ਸਲ ਵਿਭਿੰਨਤਾ ਦੁਆਰਾ ਜਲਵਾਯੂ ਪਰਿਵਰਤਨ ਨੂੰ ਅਨੁਕੂਲ ਬਣਾਉਣਾ**' ਗ਼ੈਰ ਸਰਕਾਰੀ ਸੰਸਥਾ ਡਬਲਿਯੂ ਓ ਟੀ ਆਰ ਦੁਆਰਾ ਖੁੰਬਰਵਾੜੀ ਪਿੰਡ ਸਮੇਤ ਮਹਾਰਾਸ਼ਟਰ ਦੇ ਕਈ ਪਿੰਡਾਂ ਵਿੱਚ ਇੰਡੋ-ਜਰਮਨ ਵਾਟਰਸ਼ੈੱਡ ਵਿਕਾਸ ਪ੍ਰੋਗਰਾਮ ਤਹਿਤ ਫ਼ਸਲੀ ਵਿਭਿੰਨਤਾ ਸਦਕਾ ਕਿਸਾਨਾਂ ਦੀ ਆਰਥਿਕਤਾ ਵਿੱਚ ਸੁਧਾਰ ਲਿਆਉਣ ਦੀ ਗੱਲ ਕਰਦਾ ਹੈ। ਰੰਜਨ ਕੇ ਪਾਂਡਾ ਅਤੇ ਅਜੀਤ ਕੁਮਾਰ ਪਾਂਡਾ ਦੁਆਰਾ ਲਿਖਿਆ ਗਿਆ ਪੱਤ੍ਰਿਕਾ ਦਾ ਚੌਥਾ ਅਤੇ ਅੰਤਮ ਲੇਖ '**ਛੋਟੇ ਖੇਤ ਵੱਡੀਆਂ ਕਮਾਈਆ**' ਉੜੀਸਾ ਦੇ ਕੁਦਰਤੀ ਆਫ਼ਤਾਂ ਤੋਂ ਪ੍ਰਭਾਵਿਤ ਇਲਾਕੇ ਦੇ ਛੋਟੇ ਕਿਸਾਨਾਂ ਦੁਆਰਾ ਸਬਜ਼ੀਆਂ ਦੀ ਖੇਤੀ, ਤਾਲਾਬ ਅਧਾਰਤ ਮਿਸ਼ਰਤ ਖੇਤੀ ਅਤੇ ਮੱਛੀ ਪਾਲਣ ਸਦਕਾ ਆਪਣੇ ਪਰਿਵਾਰਾਂ ਨੂੰ ਭੋਜਨ ਪੋਸ਼ਣ ਸੁਰੱਖਿਆ ਮੁਹਈਆ ਕਰਵਾਉਣ ਅਤੇ ਆਜੀਵਿਕਾ ਵਿੱਚ ਚੋਖਾ ਸੁਧਾਰ ਲਿਆਉਣ ਦੀ ਕਹਾਣੀ ਕਹਿੰਦਾ ਹੈ।

ਆਸ ਕਰਦੇ ਹਾਂ, ਲੀਜ਼ਾ ਇੰਡੀਆ ਦਾ ਹਥਲਾ ਅੰਕ ਆਪਜੀ ਲਈ ਉਪਯੋਗੀ ਸਾਬਿਤ ਹੋਵੇਗਾ।

# ਖ਼ੁਰਾਕ ਸੁਰੱਖਿਆ ਅਤੇ ਆਜੀਵਿਕਾ ਸੁਧਾਰ ਲਈ ਬੀਜ ਸੰਪ੍ਰਭੂਤਾ

ਸੰਜਯ ਐਮ ਪਟੇਲ



**ਪਰੋਸੋ ਅਨਾਜ ਦਾ ਸਮੁਦਾਇਕ ਪੱਧਰ ਤੇ ਬੀਜ ਉਤਪਾਦਨ**

ਬੀਜ ਜੋ ਕਿ ਇੱਕ ਸਮੁਦਾਇਕ ਸਰੋਤ ਵਜੋਂ ਧਿਆਨ ਨਾਲ ਉਗਾਇਆ, ਸੰਭਾਲਿਆ ਗਿਆ ਅਤੇ ਹਜ਼ਾਰਾਂ ਸਾਲਾਂ ਵਿੱਚ ਵਿਕਸਿਤ ਹੋਇਆ, ਅੱਜ ਇੱਕ 'ਵਪਾਰਕ ਮਲਕੀਅਤ ਵਾਲੇ ਸਰੋਤਾਂ' ਵਿੱਚ ਤਬਦੀਲ ਹੋ ਗਿਆ ਹੈ। ਕਿਸਾਨਾਂ ਦੁਆਰਾ ਉੱਨਤ ਕਿਸਮਾਂ ਦੀ ਸੰਭਾਲ ਅਤੇ ਵਿਕਾਸ ਨਾ ਸਿਰਫ ਖੇਤੀ ਜੈਵ ਵਿਭਿੰਨਤਾ ਨੂੰ ਪੋਸ਼ਿਤ ਕਰਨ ਦੇ ਲਈ ਬਲਕਿ ਭੋਜਨ ਸੁਰੱਖਿਆ ਅਤੇ ਟਿਕਾਊ ਆਜੀਵਿਕਾ ਲਈ ਵੀ ਉਮੀਦ ਦਿੰਦੇ ਹਨ।

ਮਹਾਰਾਸ਼ਟਰ ਵਿਖੇ ਠਾਣੇ ਜਿਲ੍ਹੇ 'ਚ ਜਵਾਹਰ ਬਲਾਕ ਇੱਕ ਪਹਾੜੀ ਖੇਤਰ ਹੈ। ਪੱਛਮੀ ਘਾਟ ਦਾ ਹਿੱਸਾ ਹੋਣ ਦੇ ਨਾਤੇ, ਇਹ ਖੇਤਰ ਜੈਵ ਵਿਭਿੰਨਤਾ ਭਰਪੂਰ ਮੰਨਿਆ ਜਾਂਦਾ ਹੈ। ਇਹ ਖੇਤਰ ਚੌਲਾਂ ਅਤੇ ਹੋਰ ਖਾਧ ਫਸਲਾਂ ਜਿਵੇਂ ਰਾਗੀ, ਬਾਜਰਾ, ਅਰਹਰ ਅਤੇ ਕਾਲੇ ਛੋਲੇ ਆਦਿ ਦੀ ਅਦਭੁਤ ਵਿਭਿੰਨਤਾ ਨਾਲ ਭਰਪੂਰ ਹੈ।

ਚੌਲਾਂ ਅਤੇ ਹੋਰ ਖਾਧ ਫਸਲਾਂ ਦੀ ਵਿਭਿੰਨਤਾ ਨੂੰ ਸੰਭਾਲਣ ਦੇ ਇਰਾਦੇ ਨਾਲ, **ਬੀ ਏ ਆਈ ਐਫ** ਵਿਕਾਸ ਖੋਜ ਫਾਊਂਡੇਸ਼ਨ ਨੇ ਮਹਾਂਰਾਸ਼ਟਰ ਇੰਸਟੀਚਿਊਟ ਆਫ ਟੈਕਨੋਲੋਜੀ ਫਾਰ ਰੂਰਲ ਏਰੀਆਜ਼ (ਮਿਤਰਾ) ਨਾਲ ਮਿਲ ਕੇ ਸਮੁਦਾਇ ਦੀ ਅਗਵਾਈ ਵਿੱਚ ਫਸਲਾਂ ਦੀਆਂ ਕਿਸਮਾਂ ਨੂੰ ਪੁਨਰ ਸੁਰਜੀਤ ਕਰਨ ਅਤੇ ਉਹਨਾਂ ਨੂੰ ਸੰਭਾਲਣ ਦੀ ਸ਼ੁਰੂਆਤ ਕੀਤੀ। ਇਸ ਪਹਿਲ ਵਿੱਚ ਪਰੀਖਣਾਂ ਅਤੇ ਜੈਵਿਕ ਖੇਤੀ ਤਰੀਕਿਆਂ ਰਾਹੀ ਉਤਪਾਦਕ ਕਿਸਮਾਂ ਵਿਕਸਿਤ ਕਰਨ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਕੇ ਸਥਾਨਕ ਗਿਆਨ ਦੇ ਨਿਰਮਾਣ ਉੱਪਰ ਜ਼ੋਰ ਦਿੱਤਾ।



**ਕੰਗਨੀ ਦੇ ਬੀਜਾਂ ਦੀ ਚੋਣ ਕਰਦੇ ਹੋਏ**

### ਸਹਿਭਾਗੀ ਸਮੂਹਿਕ ਵਿਕਾਸ

ਸ਼ੁਰੂਆਤ ਵਿੱਚ, ਕਿਸਾਨਾਂ ਦੇ 5 ਤੋਂ 10 ਮੈਂਬਰਾਂ ਦੇ ਸਮੂਹ ਬਣਾਏ ਗਏ। ਇਹਨਾਂ ਕਿਸਾਨ ਸਮੂਹਾਂ ਨੂੰ ਕਿਸਮਾਂ ਨੂੰ ਸੰਭਾਲਣ ਦੇ ਤਰੀਕਿਆਂ ਤੋਂ ਜਾਣੂ ਕਰਵਾਇਆ ਗਿਆ। ਉਹਨਾਂ ਨੇ ਜ਼ਰਮਪਾਲਾਜ਼ਮ ਕੇਂਦਰਾਂ ਦਾ ਵੀ ਦੌਰਾ ਕੀਤਾ ਜਿੱਥੇ ਝੋਨੇ, ਰਾਗੀ, ਪਰੋਸੋ ਮਿਲਟ ਆਦਿ ਦੀਆਂ ਕਈ ਕਿਸਮਾਂ ਅਲੱਗ-ਅਲੱਗ ਪ੍ਰਕਾਰ ਦੀਆਂ ਜ਼ਮੀਨਾਂ ਉੱਪਰ ਲਗਾਈਆਂ ਗਈਆਂ ਸਨ। ਕਿਸਾਨਾਂ ਨੇ ਇੱਕ ਦੂਸਰੇ ਨਾਲ ਗੱਲਬਾਤ ਕੀਤੀ, ਫਸਲ ਦਾ ਪ੍ਰਦਰਸ਼ਨ ਦੇਖਿਆ ਅਤੇ ਅਨਾਜ ਅਤੇ ਚਾਰੇ ਦਾ ਝਾੜ, ਕੀਟਾਂ ਅਤੇ ਰੋਗਾਂ ਪ੍ਰਤਿ ਲੜਨ ਦੀ ਸ਼ਕਤੀ, ਸ਼ਾਖਾਵਾਂ, ਜ਼ਮੀਨ ਲਈ ਅਨੁਕੂਲਤਾ, ਸੋਕੇ ਨੂੰ ਝੱਲਣ ਦੀ ਸ਼ਕਤੀ ਆਦਿ ਕਸੌਟੀਆਂ 'ਤੇ ਆਧਾਰਿਤ ਸਕੋਰ ਜਾਰੀ ਕੀਤੇ।

ਕਰੀਬ 225 ਕਿਸਾਨ, ਜਿੰਨਾਂ ਵਿੱਚ ਨੌਜਵਾਨ ਅਤੇ ਕਿਸਾਨ ਔਰਤਾਂ ਵੀ ਸ਼ਾਮਿਲ ਸਨ, ਨੂੰ ਭਾਗੀਦਾਰੀ ਬੀਜ ਅਤੇ ਕਿਸਮ ਚੋਣ ਵਿੱਚ ਸਿਖਲਾਈ ਦਿੱਤੀ ਗਈ। ਟ੍ਰੇਨਿੰਗ ਪ੍ਰੋਗਰਾਮ ਰਾਹੀ ਕਿਸਾਨਾਂ ਨੂੰ ਬੀਜ ਸ਼ੁੱਧਤਾ ਬਣਾਏ ਰੱਖਣ ਦੀ ਸਿੱਖਿਆ ਦੇਣ ਵਿੱਚ ਮੱਦਦ ਮਿਲੀ। 360 ਦੇ ਲਗਭਗ ਕਿਸਾਨਾਂ ਨੂੰ ਬੀਜ ਉਪਚਾਰ, ਨਰਸਰੀ ਤਿਆਰ ਕਰਨਾ, ਏਕਲ ਪਨੀਰੀ ਤਰੀਕੇ ਰਾਹੀ ਝੋਨੇ ਦੀ ਬਿਜਾਈ, ਵੱਟਾਂ ਅਤੇ ਸਿਆੜ ਢੰਗ ਆਦਿ ਰਾਹੀ ਰਾਗੀ, ਪੋਰਸੋ ਆਦਿ ਫਸਲਾਂ ਦੇ ਉਤਪਾਦਨ ਦੇ ਵਿਭਿੰਨ ਪਹਿਲੂ ਸਿਖਾਏ ਗਏ।

ਵਰਗੀਕਰਨ ਅਤੇ ਸ਼ੁੱਧਤਾ ਦੇ ਲੜੀਵਾਰ ਤਜ਼ਰਬਿਆਂ ਤੋਂ ਬਾਅਦ ਵਧੀਆ ਸਥਾਨਕ ਕਿਸਮਾਂ ਦੇ ਉੱਨਤ ਅਤੇ ਸ਼ੁੱਧ ਜ਼ਰਮ ਪਲਾਜ਼ਮ ਕੁੱਝ ਚੋਣਵੇਂ ਕਿਸਾਨਾਂ ਨੂੰ ਬੀਜ ਉਤਪਾਦਨ ਲਈ ਦਿੱਤੇ ਗਏ। ਖੇਤੀ ਦੇ ਜੈਵਿਕ ਤਰੀਕਿਆਂ ਦਾ ਪਾਲਨ ਕੀਤਾ ਗਿਆ। ਖਰੀਫ 2013 ਦੌਰਾਨ, 26 ਕਿਸਾਨ ਦੇ ਝੋਨੇ, ਰਾਗੀ ਅਤੇ ਪਰੋਸੋ ਮਿਲਟ ਦੇ ਬੀਜ ਉਤਪਾਦਨ ਵਿੱਚ ਸ਼ਾਮਿਲ ਸਨ। ਨਿਸ਼ਚਿਤ ਮਾਨਦੰਡਾਂ ਤੇ ਆਧਾਰਿਤ ਫਸਲ ਦੀਆਂ ਵਧੀਆਂ ਕਿਸਮਾਂ ਨੂੰ ਭਾਗੀਦਾਰੀ ਵਿਧੀ ਰਾਹੀ ਚੁਣਿਆ ਗਿਆ ਅਤੇ ਸਮੁਦਾਇਕ ਬੀਜ ਬੈਂਕਾਂ ਵਿੱਚ ਸੰਭਾਲਿਆ ਗਿਆ।

> ਹੁਣ ਕਿਸਾਨਾਂ ਕੋਲ ਝੋਨੇ, ਰਾਗੀ, ਪਰੋਸੋ ਮਿਲਟ ਦੀਆਂ ਕਈ ਕਿਸਮਾਂ ਹਨ ਜੋ ਕਿ ਸੋਕਾ ਪ੍ਰਤਿਰੋਧੀ, ਕੀਟ ਅਤੇ ਰੋਗ ਪ੍ਰਤਿਰੋਧੀ ਅਤੇ ਪੋਸ਼ਣ ਭਰਪੂਰ ਹਨ।

**ਟੇਬਲ 1- ਆਪਣੀਆਂ ਵਿਭਿੰਨ ਵਿਸ਼ੇਸ਼ਤਾਵਾਂ ਕਰਕੇ ਸਰੰਖਿਅਤ ਕੀਤੀਆਂ ਗਈਆਂ ਝੋਨੇ ਦੀਆਂ ਪ੍ਰਜਾਤੀਆਂ**

| ਵਿਸ਼ੇਸ਼ਤਾ | ਝੋਨੇ ਦੀ ਪ੍ਰਜਾਤੀ |
|---|---|
| ਸੋਕੇ ਪ੍ਰਤਿ ਪ੍ਰਤਿਰੋਧਕ ਸ਼ਕਤੀ ਅਤੇ ਛੋਟੀ ਅਵਧੀ ਵਾਲੀ | ਕਾਲੀ ਕੁਡਈ, ਕਾਲੀ ਖਾਡਸੀ, ਦੂਲਾ-1, ਦੂਲਾ-2, ਹਰੀ ਭਾਤ ਦਾਵੂਲ, ਡਾਂਗੀ (ਲਾਲ), ਡਾਂਗੀ (ਚਿੱਟੀ), ਦਾਵੂਲ |
| ਵਧੀਆ ਝਾੜ | ਕੋਪੀ (ਅਗੇਤੀ), ਕਸਬਈ, ਰਘੂਦੋਇਆ, ਸੁਰਤੀ ਕੋਲਮ, ਲਾਲਿਆ, ਜਵਿਯਾਚੀ ਗੁੰਡੀ |
| ਬਾਜ਼ਾਰ ਮੁੱਲ | ਬਾਂਗਲਿਆ, ਕਸਬਈ, ਚਿਮਾਂਸਲ, ਸੁਰਤੀ ਕੋਲਮ, ਜ਼ੀਨੀ (ਵਾਡਾ), , ਕੋਲਪੀ, ਡਾਂਗੀ (ਚਿੱਟੀ), ਰਘੂਦੋਇਆ, ਮਹਾੜੀ |
| ਔਸ਼ਧੀ ਗੁਣ | ਮਹਾੜੀ (ਕਮਜ਼ੋਰੀ, ਜਖ਼ਮ ਠੀਕ ਕਰਨ ਲਈ, ਫ੍ਰੈਕਚਰ ਠੀਕ ਕਰਨ ਵਿੱਚ), ਕਾਲੀ ਖਾਡਸੀ (ਕਮਜ਼ੋਰੀ) ਡਾਂਗੀ (ਚਿੱਟੀ)(ਤਰਲ ਦਲੀਆ ਬਣਾਉਣ ਲਈ), ਡਾਂਗੀ (ਲਾਲ) (ਦੁੱਧ ਪਿਆਉਣ ਵਾਲੀਆਂ ਮਾਤਾਵਾਂ ਲਈ ਉਪਯੋਗੀ), ਮਾਲਗੁੜਿਆ (ਡਿਲੀਵਰੀ ਤੋਂ ਬਾਅਦ ਆਈ ਕਮਜ਼ੋਰੀ ਦੂਰ ਕਰਨ ਲਈ) |
| ਚਾਰੇ ਦੇ ਤੌਰ ਤੇ ਪ੍ਰਯੋਗ | ਕਾਲਪੀ, ਰਘੂਦੋਇਆ, ਪਾਚੇਕੀ, ਵਾਕਵੇਲ ਡਾਂਗੀ (ਲਾਲ ਅਤੇ ਚਿੱਟੀ) ਕਸਬਈ, ਜ਼ੀਨੀ (ਵਾਡਾ), ਬਾਂਗਲਿਆ, ਮਹਾੜੀ |
| ਡੂੰਘੇ ਪਾਣੀਆਂ ਲਈ | ਕਾਸਵੇਲ |
| ਆਖਰੀ ਇਸਤੇਮਾਲ | ਸ਼ਰਿਯਾਨੀ, ਪੁਲਾਓ, ਵਿਸ਼ੇਸ਼ ਡਿਸ਼ - ਬਾਂਗਲਿਆ, ਕਸਬਈ, ਕੋਲਪੀ, ਮਸੂਰਾ, ਰਘੂਦੋਇਆ, ਸੁਰਤੀ ਕੋਲਮ, ਰਾਜਗੁੜਿਆ<br><br>ਤਰਲ ਦਲੀਆ (ਕਾਂਜੀ) - ਡਾਂਗੀ (ਲਾਲ) , ਡਾਂਗੀ (ਚਿੱਟੀ), ਮਹਾੜੀ<br><br>ਪਾਪੜ- ਰਾਜਗੁੜਿਆ, ਮਾਲਗੁੜਿਆ<br><br>ਪੋਹਾ, ਕੁਰਮੁਰੇ - ਦੂਲਾ- 1, ਦੂਲਾ 2, ਸਾਗ ਭਾਤ |

## ਉਮੀਦ ਦੇ ਬੀਜ, ਭਵਿੱਖ ਦੇ ਬੀਜ

ਸ਼੍ਰੀ ਸੁਨੀਲ ਕਮਾੜੀ, ਕਮਾੜੀਪਾੜਾ ਪਿੰਡ (ਤਾਲੁਕਾ ਜਵਾਹਰ, ਜ਼ਿਲ੍ਹਾ ਠਾਣੇ) ਦਾ 35 ਸਾਲਾਂ ਨੌਜਵਾਨ ਕਿਸਾਨ ਹੈ। ਉਸਦਾ 7 ਮੈਂਬਰੀ ਪਰਿਵਾਰ 3 ਏਕੜ ਦੀ ਵਰਖਾ ਆਧਾਰਿਤ ਜ਼ਮੀਨ ਉੱਪਰ ਖੇਤੀ ਕਰਦਾ ਹੈ। ਸਾਲ 2008 ਵਿੱਚ ਉਸਨੇ ਇਹ ਮਹਿਸੂਸ ਕੀਤਾ ਕਿ ਰਸਾਇਣਿਕ ਖਾਦਾਂ ਦੇ ਬੇਲੋੜੇ ਇਸਤੇਮਾਲ ਕਰਕੇ ਉਸਦੀ ਜ਼ਮੀਨ ਦੀ ਉਪਜਾਊਸ਼ਕਤੀ ਅਤੇ ਪਾਣੀ ਨੂੰ ਪਕੜ ਕੇ ਰੱਖਣ ਦੀ ਸ਼ਕਤੀ ਤੇਜੀ ਨਾਲ ਘਟਦੀ ਜਾ ਰਹੀ ਹੈ। ਬੀ ਏ ਆਈ ਐਫ ਅਤੇ ਮਿਤਰਾ ਵੱਲੋ ਮਿਲੇ ਤਕਨੀਕੀ ਸਹਿਯੋਗ ਕਰਕੇ, ਉਸਨੇ ਮਿੱਟੀ ਦੀ ਉਪਜਾਊਸ਼ਕਤੀ ਵਿੱਚ ਸੁਧਾਰ ਦੀ ਤਕਨੀਕ ਅਤੇ ਜੈਵਿਕ ਖਾਦਾਂ ਦਾ ਇਸਤੇਮਾਲ ਕਰਨਾ ਸਿੱਖਿਆ। ਉਸਨੇ ਜੈਵਿਕ ਖਾਦਾਂ ਬਣਾਉਣ ਦੀ ਅਤੇ ਝੋਨੇ ਦਾ ਉਚ ਉਤਪਾਦਨ ਲੈਣ ਲਈ ਸ੍ਰੀ ਵਿਧੀ ਦੀ ਵੀ ਸਿਖਲਾਈ ਲਈ।

ਸਾਲ 2010 ਵਿੱਚ ਸੁਨੀਲ ਬੀ ਏ ਆਈ ਐਫ ਦੇ ਫਸਲ ਜ਼ਰਮਪਲਾਜ਼ਮ ਸੰਭਾਲ ਪ੍ਰੋਗਰਾਮੇ ਵਿੱਚ ਸ਼ਾਮਿਲ ਹੋ ਗਿਆ। ਉਸਨੇ ਆਪਣੇ ਖੇਤ ਵਿੱਚ ਜ਼ਰਮਪਲਾਜ਼ਮ ਦੇ ਸਰੰਖਿਅਣ ਰਾਹੀ ਝੋਨੇ ਦੀਆਂ 21 ਕਿਸਮਾਂ ਦਾ ਸਰੰਖਿਅਣ ਕੀਤਾ ਅਤੇ ਝੋਨੇ, ਰਾਗੀ ਅਤੇ ਪਰੋਸੋ ਮਿਲਟ ਵਿੱਚ ਸਹਿਭਾਗੀ ਬੀਜ ਚੋਣ ਦਾ ਮਾਹਿਰ ਬਣ ਗਿਆ।

ਉਸਨੇ ਸਥਾਨਕ ਕੰਦ (ਕਰੰਦੇ, ਕੋਚੀ, ਸੂਰਨ), ਫਲਦਾਰ ਸਬਜੀਆਂ (ਲੌਕੀ, ਕਰੇਲਾ, ਪੇਠਾ, ਬੈਂਗਣ, ਕੱਦੂ), ਹਰੀਆਂ ਪੱਤੇਦਾਰ ਸਬਜੀਆਂ (ਚੌਲੇ), ਲਬਲਬ ਫਲੀਆਂ ਅਤੇ ਤੋਂਦਲੀ ਆਦਿ ਦੇ ਬੀਜ ਇਕੱਠੇ ਕੀਤੇ ਅਤੇ ਘਰੇਲੂ ਖਪਤ ਲਈ ਇਹਨਾਂ ਨੂੰ ਉਗਾਇਆ। ਪੂਰਾ ਪਰਿਵਾਰ ਇਸ ਕੰਮ ਵਿੱਚ ਸ਼ਾਮਿਲ ਸੀ।

ਆਪਣੇ ਝੋਨੇ ਦੇ ਖੇਤ ਦਾ ਨਿਰੀਖਣ ਕਰਦੇ ਹੋਏ ਉਸਨੇ ਝੋਨੇ ਦਾ ਅਸਾਧਾਰਨ ਗੁੱਛਾ ਦੇਖਿਆ। ਗੁੱਛੇ ਵਿੱਚ ਜ਼ਿਆਦਾ ਦਾਣੇ ਸਨ ਅਤੇ ਦਾਣਿਆਂ ਦਾ ਆਕਾਰ ਵੀ ਵੱਡਾ ਸੀ। ਉਸਨੇ ਸਾਵਧਾਨੀ ਨਾਲ ਇਸ ਗੁੱਛੇ ਨੂੰ ਹਟਾਇਆ ਅਤੇ ਚਾਰ ਲਗਾਤਾਰ ਸੀਜ਼ਨਾਂ - 2010 ਦੇ ਗਰਮੀ ਦੇ ਸੀਜ਼ਨ, ਖਰੀਫ 2011, 2012 ਦੀਆਂ ਗਰਮੀਆਂ ਅਤੇ ਖਰੀਫ 2013 ਵਿੱਚ ਇਸ ਗੁੱਛੇ ਤੋਂ ਪ੍ਰਾਪਤ ਬੀਜਾਂ ਨੂੰ ਲਗਾਇਆ। ਬੀ ਏ ਆਈ ਐਫ ਦੇ ਮਾਹਿਰਾਂ ਦੇ ਮਾਰਗਦਰਸ਼ਨ ਵਿੱਚ ਤਿੰਨ ਸਾਲਾਂ ਦੀ ਲਗਾਤਾਰ ਸ਼ੁੱਧੀ ਅਤੇ ਅਪਗ੍ਰੇਡ ਕਰਨ ਤੋਂ ਬਾਅਦ ਉਹ ਵਿਸ਼ੇਸ਼ ਗੁਣਾਂ ਵਾਲੀ ਇੱਕ ਨਵੀਂ ਚੋਣ ਨੂੰ ਵਿਕਸਿਤ ਕਰਨ ਵਿੱਚ ਸਫਲ ਰਿਹਾ।

ਖੇਤਰ ਦੇ ਕਿਸਾਨਾਂ ਨੇ ਇਸ ਕਿਸਮ ਨੂੰ ਝਾੜ, ਛੋਟੇ ਪਤਲੇ ਦਾਣੇ ਅਤੇ ਰੋਗਾਂ ਅਤੇ ਕੀਟਾਂ ਨਾਲ ਲੜਨ ਦੀ ਪ੍ਰਤੀਰੋਧਕ ਸ਼ਕਤੀ ਕਰਕੇ ਅਪਣਾ ਲਿਆ। 2012 ਦੇ ਖਰੀਫ ਸੀਜ਼ਨ ਦੌਰਾਨ ਇਸ ਕਿਸਮ ਦਾ ਪੰਜ ਕੁਇੰਟਲ ਬੀਜ ਤਿਆਰ ਕੀਤਾ ਅਤੇ ਬੀਜ ਬੈਂਕ ਨੂੰ ਵਿਤਰਣ ਲਈ ਦੇ ਦਿੱਤਾ ਤਾਂਕਿ ਇਹ ਹੋਰ ਜ਼ਿਆਦਾ ਕਿਸਾਨਾਂ ਤੱਕ ਪਹੁੰਚ ਸਕੇ।

ਸੁਨੀਲ ਬਿਆਨੀ ਸੰਵਰਧਨ ਸਮਿਤੀ, ਦੇਂਗਾਚੀਮੇਥ (ਬੀਜ ਬਚਾਉਣ ਵਾਲੇ ਕਿਸਾਨਾਂ ਦਾ ਗਰੁੱਪ) ਦਾ ਸਰਗਰਮ ਮੈਂਬਰ ਹੈ। ਸੁਨੀਲ ਦੀਆਂ ਚੋਣ ਵਿਧੀ ਰਾਹੀ ਕਿਸਮ ਨੂੰ ਵਿਕਸਿਤ ਕਰਨ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ ਗਈ ਅਤੇ 2011-12 ਦੇ ਪਲਾਂਟ ਜੀਨੋਮ ਸੇਵੀਅਰ ਫਾਰਮਰ ਰਿਕੋਗਨੀਸ਼ਨ ਐਵਾਰਡ ਨਾਲ ਉਸਨੂੰ ਦਿੱਲੀ ਵਿਖੇ ਸਨਮਾਨਿਤ ਕੀਤਾ ਗਿਆ। ਸੁਨੀਲ ਨੇ ਝੋਨੇ ਦੀ ਇਸ ਕਿਸਮ ਦਾ ਨਾਮ ਆਪਣੀ ਬੇਟੀ ਦੇ ਨਾਮ ਤੇ ਅਸ਼ਵਿਨੀ ਰੱਖਿਆ। ਸੁਨੀਲ ਖੇਤਰ ਵਿੱਚ ਜੈਵ ਵਿਭਿੰਨਤਾ ਬਣਾਏ ਰੱਖਣ ਵਿੱਚ ਆਪਣੇ ਸਾਥੀ ਕਿਸਾਨਾਂ ਦੀ ਮੱਦਦ ਕਰ ਰਿਹਾ ਹੈ।

### ਜੈਵ ਵਿਭਿੰਨਤਾ ਸੰਰੱਖਿਅਣ ਅਤੇ ਆਜੀਵਿਕਾ ਸੁਧਾਰ

ਇਸ ਪਹਿਲ ਤੋਂ ਪਹਿਲਾਂ, ਕਿਸਾਨਾਂ ਨੂੰ ਬੀਜਾਂ ਲਈ ਬਾਜ਼ਾਰ ਉੱਪਰ ਨਿਰਭਰ ਰਹਿਣਾ ਪੈਂਦਾ ਸੀ। ਹੁਣ ਉਹਨਾਂ ਕੋਲ ਝੋਨੇ, ਰਾਗੀ, ਪਰੋਸੋ ਮਿਲਟ ਦੀਆਂ ਕਈ ਕਿਸਮਾਂ ਹਨ ਜੋ ਕਿ ਸੋਕਾ ਪ੍ਰਤਿਰੋਧੀ, ਕੀਟ ਅਤੇ ਰੋਗ ਪ੍ਰਤਿਰੋਧੀ ਅਤੇ ਪੋਸ਼ਣ ਭਰਪੂਰ ਹਨ। ਝੋਨੇ ਦੀਆਂ ਕਿਸਮਾਂ ਜਿਵੇਂ ਕੋਲਪੀ (ਅਗੇਤੀਆਂ), ਕਸਬਈ, ਲਾਲਿਆ, ਜੂਨਾ ਕੋਲਮ, ਰਘੂਦੋਇਆ, ਮਸੂਰੀ, ਦਾਵੂਲ, ਬੰਗਲਿਆ ਆਦਿ ਕਿਸਾਨਾਂ ਦੁਆਰਾ ਵੱਡੇ ਪੱਧਰ ਤੇ ਬੀਜੀਆਂ ਗਈਆਂ। ਰਾਗੀ ਦੀਆਂ ਪ੍ਰਜਾਤੀਆਂ ਜਿਵੇਂ ਕਲਪੇਰੀ, ਧਵਲਪੇਰੀ, ਸ਼ਿਤੋਲੀ, ਨਾਗਾਲੀ (ਪਿਛੇਤੀ), ਦਸਰਬੇਂਦਰੀ ਅਤੇ ਪਰੋਸੋ ਮਿਲਟ ਦੀਆਂ ਦੂਧਮੋਗਰਾ, ਘੋਸ਼ੀ ਅਤੇ ਸਕਲੀ ਵਰੱਈ ਆਦਿ ਕਿਸਾਨਾਂ ਵਿੱਚ ਹੁਣ ਕਾਫੀ ਲੋਕਪ੍ਰਿਅ ਹਨ।

ਵਧੀਆ ਫਸਲ ਉਤਪਾਦਨ ਤਕਨੀਕਾਂ ਦੇ ਨਾਲ ਕਿਸਾਨ ਹੁਣ ਵਧੀਆ ਝਾੜ ਲੈਣ ਦੇ ਸਮਰੱਥ ਹਨ। ਝੋਨੇ ਦੀ ਉਪਜ 12-15 ਕੁਇੰਟਲ ਪ੍ਰਤਿ ਏਕੜ ਤੋਂ ਵਧ ਕੇ 20-25 ਕੁਇੰਟਲ ਪ੍ਰਤਿ ਏਕੜ ਹੋ ਗਈ ਹੈ। ਇਸੇ ਤਰ੍ਹਾਂ, ਰਾਗੀ ਵਿੱਚ, ਝਾੜ 10-12 ਕੁਇੰਟਲ ਪ੍ਰਤਿ ਏਕੜ ਤੋਂ ਵਧ ਕੇ 17-22 ਕੁਇੰਟਲ ਪ੍ਰਤਿ ਏਕੜ ਹੋ ਗਿਆ ਹੈ।

ਕਿਸਾਨ ਵਰਮੀ ਕੰਪੋਸਟ, ਵਰਮੀ ਵਾਸ਼, ਜੈਵਿਕ ਕੀਟ ਭਜਾਉਣ ਵਾਲੇ ਗੁਣਵੱਤਾ ਵਾਲੇ ਉਤਪਾਦ ਆਦਿ ਬਣਾ ਵੀ ਰਹੇ ਹਨ ਅਤੇ ਇਸਤੇਮਾਲ ਵੀ ਕਰ ਰਹੇ ਹਨ ਜਿਸ ਕਰਕੇ ਉਹਨਾਂ ਦੀ ਬਾਹਰੀ ਆਗਤਾਂ ਉੱਪਰ ਨਿਰਭਰਤਾ ਘਟੀ ਹੈ ਅਤੇ ਉਹਨਾਂ ਦਾ ਖਰਚਾ ਵੀ ਘਟਿਆ ਹੈ। ਝੋਨੇ ਵਿੱਚ ਉਤਪਾਦਨ ਲਾਗਤ 12400 ਰੁਪਏ ਪ੍ਰਤਿ ਏਕੜ ਤੋਂ ਘਟ ਕੇ 7500 ਰੁਪਏ ਪ੍ਰਤਿ ਏਕੜ ਅਤੇ ਰਾਗੀ ਵਿੱਚ 7500 ਰੁਪਏ ਪ੍ਰਤਿ ਏਕੜ ਤੋਂ ਘਟ ਕੇ 5300 ਰਹਿ ਗਈ ਹੈ। ਜੈਵਿਕ ਉਤਪਾਦ ਵਰਤਣ ਕਰਕੇ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਪਾਣੀ ਪਕੜ ਕੇ ਰੱਖਣ ਦੀ ਸ਼ਕਤੀ ਵਧੀ ਹੈ।



**ਸੁਨੀਲ ਕਮਾੜੀ ਆਪਣੀ ਝੋਨੇ ਦੀ ਕਿਸਮ 'ਅਸ਼ਵਿਨੀ' ਦਿਖਾਉਂਦੇ ਹੋਏ**

## ਸਮੁਦਾਇਕ ਪੱਧਰ 'ਤੇ ਬੀਜ ਉਤਪਾਦਨ

ਬੀਜ ਸਰੰਖਿਅਣ ਪ੍ਰੋਗਰਾਮ ਦੇ ਟਿਕਾਊਪਣ ਲਈ ਸਮੁਦਾਇਕ ਪੱਧਰ 'ਤੇ ਬੀਜਾਂ ਦੀ ਚੋਣ, ਬੀਜ ਉਤਪਾਦਨ 'ਤੇ ਆਦਾਨ ਪ੍ਰਦਾਨ ਲਈ ਅਤੇ ਪਿੰਡ ਪੱਧਰ ਤੇ ਸੁਤੰਤਰ ਬੀਜ ਸੁਰੱਖਿਆ ਪ੍ਰਣਾਲੀ ਨੂੰ ਵਿਕਸਿਤ ਕਰਨ ਲਈ ਇੱਕ ਤੰਤਰ ਦੀ ਲੋੜ ਹੁੰਦੀ ਹੈ। ਉੱਚ ਗੁਣਵੱਤਾ ਵਾਲੇ ਬੀਜਾਂ ਦੇ ਉਤਪਾਦਨ, ਬੀਜਾਂ ਦੇ ਆਦਾਨ-ਪ੍ਰਦਾਨ ਦੇ ਪ੍ਰਬੰਧਨ ਅਤੇ ਬਾਜ਼ਾਰ ਸੰਪਰਕ ਵਿਕਸਿਤ ਕਰਨ ਲਈ ਇੱਕ ਬੀਜ ਬਚਾਓ ਕਮੇਟੀ ਬਣਾਈ ਗਈ। ਖੇਤਾਂ ਦੀ ਵਿਜ਼ਿਟ ਰਾਹੀ ਬੀਜ ਉਤਪਾਦਨ ਅਤੇ ਬੀਜਾਂ ਦੀ ਚੋਣ ਦੇ ਤਰੀਕੇ ਬੀਜ ਬਚਾਓ ਕਮੇਟੀ ਰਾਹੀ ਯਕੀਨੀ ਬਣਾਏ ਜਾਂਦੇ ਹਨ ਜਿਸ ਵਿੱਚ ਉਹ ਭਾਗੀਦਾਰ ਕਿਸਾਨਾਂ ਲਈ ਉਪਯੁਕਤ ਤਰੀਕਿਆਂ ਨੂੰ ਉਤਸ਼ਾਹਿਤ ਕਰਦੇ ਹਨ। ਬੀਜ ਬਚਾਓ ਕਮੇਟੀ ਕੋਲ ਗੁਣਵੱਤਾ ਵਾਲੇ ਬੀਜਾਂ ਦੇ ਉਤਪਾਦਨ ਲਈ ਬੀਜ ਪਲਾਟਾਂ ਦੀ ਨਿਗਰਾਨੀ ਦੇ ਅਧਿਕਾਰ ਹੁੰਦੇ ਹਨ। ਹੁਣ ਇਹ ਬੀਜ ਕਮੇਟੀਆਂ ਝੋਨੇ , ਰਾਗੀ ਅਤੇ ਪਰੋਸੋ ਮਿਲਟ ਦੀਆਂ ਕਿਸਮਾਂ ਦੇ ਸਰੰਖਿਅਣ ਕੇਂਦਰਾਂ ਦੇ ਪ੍ਰਬੰਧਨ ਕਰਨ ਦੇ ਸਮਰੱਥ ਹਨ। ਵਰਤਮਾਨ ਵਿੱਚ 3 ਬੀਜ ਬਚਾਓ ਕਮੇਟੀਆਂ ਬਣੀਆਂ ਹਨ ਜੋ ਕਿ 11 ਪਿੰਡਾਂ ਨੂੰ ਕਵਰ ਕਰਦੀਆਂ ਹਨ। ਸਮੁਦਾਇਕ ਬੀਜ ਬੈਂਕਾਂ ਰਾਹੀ ਝੋਨੇ, ਰਾਗੀ, ਪਰੋਸੋ ਮਿਲਟ ਆਦਿ ਦੀਆਂ 250 ਤੋਂ ਵੱਧ ਕਿਸਮਾਂ ਦਾ ਸਰੰਖਿਅਣ ਕੀਤਾ ਜਾ ਰਿਹਾ ਹੈ।

11 ਪਿੰਡਾਂ ਦੇ 724 ਕਿਸਾਨ ਬੀਜਾਂ ਦੇ ਸਰੰਖਿਅਣ, ਬੀਜ ਉਤਪਾਦਨ ਅਤੇ ਸਮੁਦਾਇਕ ਬੀਜ ਬੈਂਕ ਪ੍ਰੋਗਰਾਮ ਵਿੱਚ ਸਿੱਧੇ ਤੌਰ ਤੇ ਸ਼ਾਮਿਲ ਹਨ। ਵਿਆਪਕ ਵਿਸਤਾਰ ਲਈ, 10 ਨੌਜਵਾਨਾਂ ਨੂੰ ਵਿਭਿੰਨ ਪਿੰਡਾਂ ਵਿੱਚ ਇਹਨਾਂ ਤਕਨੀਕਾਂ ਦੇ ਪ੍ਰਸਾਰ ਲਈ ਸਿਖਲਾਈ ਦਿੱਤੀ ਗਈ ਹੈ। ਦੇਖੇ ਉੱਪਰ ਹੀ ਵਿਸ਼ਵਾਸ ਹੁੰਦਾ ਹੈ ਦੇ ਕਹੇ ਅਨੁਸਾਰ ਐਕਸਪੋਜ਼ਰ ਵਿਜ਼ਿਟ ਅਤੇ ਖੇਤ ਦਿਨ ਨਿਯਮਿਤ ਤੌਰ ਤੇ ਆਯੋਜਿਤ ਕੀਤੇ ਜਾਂਦੇ ਹਨ। ਕਿਸਾਨਾਂ ਵਿਚਕਾਰ ਖੇਤਰ ਵਿੱਚ ਫਸਲੀ ਵਿਭਿੰਨਤਾ ਅਤੇ ਉਸਦੀ ਸੰਭਾਲ ਬਾਰੇ ਜਾਗਰੂਕਤਾ ਫੈਲਾਉਣ ਲਈ ਸਮੁਦਾਇਕ ਪੱਧਰ ਦੀਆਂ ਬੀਜ ਪ੍ਰਦਰਸ਼ਨੀਆਂ ਮਹੱਤਵਪੂਰਨ ਸਾਧਨ ਹਨ। ਸਮੁਦਾਇਕ ਬੀਜ ਮੇਲੇ, ਬੀਜ ਪ੍ਰਦਰਸ਼ਨੀਆਂ ਅਤੇ ਖੇਤ ਦਿਨ ਆਦਿ ਨੇ ਮਹਾਂਰਾਸ਼ਟਰ ਦੇ ਵਿਭਿੰਨ ਹਿੱਸਿਆਂ ਦੇ 4200 ਕਿਸਾਨਾਂ ਤੱਕ ਪਹੁੰਚ ਬਣਾਉਣ ਵਿੱਚ ਮੱਦਦ ਕੀਤੀ ਹੈ।

## ਘਰੇਲੂ ਬਗੀਚੀਆਂ ਵਿੱਚ ਵਿਭਿੰਨਤਾ

ਕਬਾਇਲੀ ਸਮੁਦਾਇਆਂ ਕੋਲ ਘਰ ਦੇ ਪਿਛਵਾੜੇ ਵਿੱਚ ਖਾਣੇ ਦੇ ਵਿਭਿੰਨ ਸਰੋਤ ਹੁੰਦੇ ਹਨ ਜੋ ਕਿ ਪੋਸ਼ਣ ਅਤੇ ਸਿਹਤਮੰਦ ਭੋਜਨ ਦੇ ਸਰੋਤ ਹਨ। ਰਵਾਇਤੀ ਤੌਰ 'ਤੇ ਹਰ ਘਰ ਦੀ ਆਪਣੀ ਘਰੇਲੂਬਗੀਚੀ ਹੁੰਦੀ ਹੈ। ਇਹ ਘਰ ਦੇ ਨਾਲ ਜਾਂ ਪਿੱਛੇ ਛੋਟੇ-ਛੋਟੇ ਪਲਾਟ ਹੁੰਦੇ ਹਨ ਜਿੰਨਾਂ ਵਿੱਚ ਇੱਕ ਤੋਂ ਜ਼ਿਆਦਾ, ਬਹੁਪਰਤੀ ਅਤੇ ਬਹੁ ਉਦੇਸ਼ੀ ਰੁੱਖ, ਪੌਦੇ, ਜੜ੍ਹੀ-ਬੂਟੀਆਂ ਅਤੇ ਝਾੜੀਆਂ ਹੁੰਦੀਆਂ ਹਨ। ਇਹਨਾਂ ਵਿੱਚ ਮੌਸਮੀ ਅਤੇ ਪੋਸ਼ਕ ਸਬਜ਼ੀਆਂ, ਔਸ਼ਧੀ ਪੌਦੇ ਮਾਨਸੂਨ ਦੌਰਾਨ ਲਗਾਏ ਜਾਂਦੇ ਹਨ ਅਤੇ ਸੀਮਾ 'ਤੇ ਕੁੱਝ ਬਾਰਾਮਾਸੀ ਵੱਡੇ ਰੁੱਖ ਲਗਾਏ ਜਾਂਦੇ ਹਨ। ਰੁੱਖ ਅਤੇ ਸਬਜੀਆਂ ਸਥਾਨਕ ਹੁੰਦੇ ਹਨ। ਇਹਨਾਂ ਛੋਟੇ ਪਲਾਟਾਂ ਦਾ ਉਤਪਾਦਨ ਘਰ ਦੀਆਂ ਪੋਸ਼ਕ ਅਤੇ ਭੋਜਨ ਦੀਆਂ ਪੂਰੇ ਸਾਲ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਕਾਫ਼ੀ ਹੁੰਦਾ ਹੈ।

## ਮਾਨਤਾ ਮਿਲਣੀ

ਕਿਸਾਨਾਂ ਦੇ ਬੀਜ ਬਚਾਓ ਗਰੁੱਪ ਨੂੰ ਪੌਦਿਆਂ ਦੀਆਂ ਕਿਸਮਾਂ ਦਾ ਸਰੰਖਿਅਣ ਅਤੇ ਕਿਸਾਨਾਂ ਦੇ ਅਧਿਕਾਰ ਅਥਾਰਿਟੀ, ਖੇਤੀ ਮੰਤਰਾਲੇ, ਭਾਰਤ ਸਰਕਾਰ ਵੱਲੋਂ ਸਾਲ 2011-12 ਦਾ ਪਲਾਂਟ ਜੀਨੋਮ ਸੇਵੀਅਰ ਕਮਿਊਨਿਟੀ ਐਵਾਰਡ ਮਿਲਿਆ। ਇਹ ਫਸਲਾਂ ਦੇ ਜੈਨੇਟਿਕ ਸਰੋਤਾਂ ਦੇ ਸਰੰਖਿਅਣ ਲਈ ਦਿੱਤਾ ਜਾਣ ਵਾਲਾ ਸਭ ਤੋਂ ਸਨਮਾਨਜਨਕ ਪੁਰਸਕਾਰ ਹੈ। ਇਸਦੇ ਨਾਲ ਹੀ ਦੋ ਖੋਜੀ ਕਿਸਾਨਾਂ ਚੌਕ ਪਿੰਡ ਦੇ ਸ਼੍ਰੀ ਮਾਵਾਂਜੀ ਪਵਾਰ ਅਤੇ ਕਮਾੜੀਪਾੜਾ ਪਿੰਡ ਦੇ ਸ਼੍ਰੀ ਸੁਨੀਲ ਕਮਾੜੀ ਨੂੰ ਉਹਨਾਂ ਦੇ ਫਸਲ ਜੈਨੇਟਿਕ ਸਰੋਤਾਂ ਦੇ ਸਰੰਖਿਅਣ ਅਤੇ ਸੰਭਾਲ ਲਈ ਵੱਡਮੁੱਲੇ ਯੋਗਦਾਨ ਲਈ 2011-12 ਦਾ ਪਲਾਂਟ ਜੀਨੋਮ ਸੇਵੀਅਰ ਫਾਰਮਰ ਰਿਕੋਗਨੀਸ਼ਨ ਐਵਾਰਡ ਮਿਲਿਆ।

## ਅਗਲੇਰਾ ਰਾਹ

ਬੀਜ ਉਤਪਾਦਨ ਅਤੇ ਫਸਲ ਉਤਪਾਦਨ ਦੀਆਂ ਵਧੀਆ ਤਕਨੀਕਾਂ ਦੇ ਕਿਸਾਨਾਂ ਦੇ ਗਿਆਨ ਨੂੰ ਮਜ਼ਬੂਤ ਕਰਨ ਨਾਲ ਉਹਨਾਂ ਦੀ ਆਜੀਵਿਕਾ ਵਿੱਚ ਸੁਧਾਰ ਲਿਆਉਣ ਵਿੱਚ ਸਫਲਤਾ ਮਿਲੀ ਹੈ। ਭਵਿੱਖ ਵਿੱਚ, ਦਾਲਾਂ, ਸਬਜ਼ੀਆਂ ਅਤੇ ਜੰਗਲੀ ਖਾਧ ਸੰਸਾਧਨਾਂ ਦੇ ਸਰੰਖਿਅਣ ਉੱਪਰ ਜ਼ਿਆਦਾ ਧਿਆਨ ਦੇ ਕੇ ਕਬਾਇਲੀ ਸਮੁਦਾਇਆਂ ਦੀ ਖਾਧ ਅਤੇ ਪੋਸ਼ਣ ਸੁਰੱਖਿਆ ਨੂੰ ਵਧਾਇਆ ਜਾਵੇਗਾ।

ਸਮੁਦਾਇਕ ਬੀਜ ਬੈਂਕਾਂ ਦੇ ਨੈੱਟਵਰਕ ਨੂੰ ਹੋਰ ਵਿਕਸਿਤ ਕਰਨ ਨਾਲ ਜ਼ਿਆਦਾ ਕਿਸਾਨਾਂ ਤੱਕ ਪਹੁੰਚਿਆ ਜਾ ਸਕੇਗਾ। ਇਸ ਤੋਂ ਇਲਾਵਾ, ਨੈੱਟਵਰਕ ਸਮੂਹੀਕਰਨ ਅਤੇ ਵੈਲਿਊ ਐਡੀਸ਼ਨ ਰਾਹੀ ਬਾਜ਼ਾਰ ਦੇ ਲਈ ਵਧੀਆ ਪਹੁੰਚ ਬਣਾਉਣ ਵਿੱਚ ਮੱਦਦ ਕਰੇਗਾ। ਹਾਲਾਂਕਿ, ਇਹ ਸਮੁਦਾਇ ਦੇ ਪੱਧਰ 'ਤੇ ਭੰਡਾਰਣ ਸੁਵਿਧਾਵਾਂ ਵੀ ਮੁਹੱਈਆ ਕਰਵਾਏਗਾ।

ਕਿਉਂਕਿ ਇਹਨਾਂ ਕਿਸਮਾਂ ਦੇ ਸਰੰਖਿਅਣ ਅਤੇ ਟਿਕਾਊ ਇਸਤੇਮਾਲ ਵਿੱਚ ਕਿਸਾਨ ਸਮੁਦਾਇ ਸ਼ਾਮਿਲ ਹਨ, ਉਹਨਾਂ ਨੂੰ ਇਹਨਾਂ ਸੰਸਾਧਨਾਂ ਦੀ ਰੱਖਿਆ ਲਈ ਕੁੱਝ ਸਹਿਯੋਗ ਦੀ ਲੋੜ ਹੈ। ਕਿਸਾਨਾਂ ਦੀਆਂ ਕਿਸਮਾਂ ਦੀ ਪੀ ਪੀ ਵੀ ਅਤੇ ਐਫ ਆਰ ਐਕਟ ਅਧੀਨ ਰਜਿਸਟ੍ਰੇਸ਼ਨ ਕਰਵਾਉਣੀ ਜ਼ਰੂਰੀ ਹੋ ਗਈ ਹੈ। ਇਸਤੋਂ ਅੱਗੇ ਪੋਸ਼ਕ ਮੁੱਲਾਂ ਬਾਰੇ ਲੋਕਾਂ ਦੇ ਗਿਆਨ ਦੀ ਮਾਨਤਾ ਅਤੇ ਫਸਲ ਦੀਆਂ ਕਿਸਮਾਂ ਦੀ ਬਾਰ ਕੋਡਿੰਗ ਅਤੇ ਡੀ ਐਨ ਏ ਫਿੰਗਰ ਪ੍ਰਿੰਟਿੰਗ ਲਈ ਰਸਾਇਣਿਕ ਅਤੇ ਆਣਵਿਕ ਪੱਧਰ ਤੇ ਅਧਿਐਨ ਦੀ ਜ਼ਰੂਰਤ ਹੈ। ●

ਸ਼੍ਰੀ ਸੰਜਯ ਪਾਟਿਲ
ਬੀ ਏ ਆਈ ਐਫ ਵਿਕਾਸ ਖੋਜ ਫਾਊਂਡੇਸ਼ਨ ਨਾਲ ਕੰਮ ਕਰਦੇ ਹਨ।
ਡਾਂ ਮਨੀਭਾਈ ਦੇਸਾਈ ਨਗਰ, ਐਨ ਐਚ 4, ਵਾਰਜੇ,
ਪੁਣੇ, ਮਹਾਂਰਾਸ਼ਟਰ-411058
ਈ ਮੇਲ- sanjaypatil21@gmail.com

**Seed sovereignty for food security**
**LEISA INDIA, Vol-16, No.1, March 2014.**



# ਸਮਾਜ ਦੁਆਰਾ ਜੈਵ-ਵਿਭਿੰਨਤਾ ਸਮੁਦਾਇ ਆਧਾਰਿਤ ਪ੍ਰਬੰਧਨ ਦ੍ਰਿਸ਼ਟੀਕੋਣ

*ਪਿਤਾਂਬਰ ਸ੍ਰੇਸ਼ਠਾ ਅਤੇ ਸਜਲ ਸਤਾਪਿਤ*

---

ਲੀ-ਬਰਡ ਨੇਪਾਲ ਵਿੱਚ ਸਮੁਦਾਇ ਆਧਾਰਿਤ ਜੈਵ ਵਿਭਿੰਨਤਾ ਪ੍ਰਬੰਧਨ ਤਰੀਕੇ ਰਾਹੀ ਕਿਸਾਨਾਂ ਦੀ ਉਹਨਾਂ ਦੇ ਖੇਤਾਂ ਵਿੱਚ ਹੀ ਅਨੁਵੰਸ਼ਿਕ ਸੰਸਾਧਨਾਂ ਨੂੰ ਵਰਤਣ ਅਤੇ ਸੰਭਾਲ ਵਿੱਚ ਮੱਦਦ ਕਰਨ ਦਾ ਕੰਮ ਕਰ ਰਹੀ ਹੈ। ਅੱਜ, ਨੇਪਾਲ ਵਿੱਚ 11 ਹਜਾਰ ਤੋਂ ਜ਼ਿਆਦਾ ਖੇਤੀ ਪਰਿਵਾਰ ਸਥਾਨਕ ਬੀਜਾਂ ਨੂੰ ਬਹਾਲ ਕਰਨ ਅਤੇ ਸੰਭਾਲ ਵਿੱਚ ਲੱਗੇ ਹੋਏ ਹਨ।

---

ਕਿਸਾਨਾਂ ਦੇ ਖੇਤਾਂ ਅਤੇ ਕੁਦਰਤੀ ਆਵਾਸਾਂ ਵਿੱਚ ਖੇਤੀ ਜੈਵ ਵਿਭਿੰਨਤਾ ਦਾ ਘਟਦੇ ਜਾਣਾ ਲਗਾਤਾਰ ਰਹਿਣ ਵਾਲੀਆਂ ਚੁਣੌਤੀਆਂ ਵਿੱਚੋਂ ਇੱਕ ਹੈ ਜਿਸਦਾ ਕਿਸਾਨ ਸਮੁਦਾਇ, ਖਾਸ ਕਰਕੇ ਨੇਪਾਲ ਜਿਹੇ ਵਿਕਾਸਸ਼ੀਲ ਦੇਸ਼ਾਂ ਵਿੱਚ, ਸਾਹਮਣਾ ਕਰ ਰਹੇ ਹਨ। ਸਥਾਨਕ ਜੈਨੇਟਿਕ ਸਰੋਤਾਂ ਦੀ ਸੰਭਾਲ ਲਈ ਕੀਤੇ ਜਾ ਰਹੇ ਯਤਨ ਨਾਮਾਤਰ ਹਨ, ਜਦਕਿ ਨੇਪਾਲ ਦੀ ਸਰਕਾਰ ਅਤੇ ਕਈ ਸਮਾਜ ਸੇਵੀ ਸੰਸਥਾਵਾਂ ਖਾਧ ਉਤਪਾਦਨ ਵਿੱਚ ਸੁਧਾਰ ਕਰਨ ਲਈ ਸੁਧਰੇ ਹੋਏ ਅਤੇ ਹਾਈਬ੍ਰਿਡ ਬੀਜਾਂ ਨੂੰ ਪ੍ਰੋਤਸ਼ਾਹਿਤ ਕਰ ਰਹੇ ਹਨ। ਇਹ ਕਿਸਾਨਾਂ ਦੁਆਰਾ ਆਪਣੇ ਸਮੂਹਾਂ ਵਿੱਚ ਬੀਜਾਂ ਦੇ ਆਦਾਨ-ਪ੍ਰਦਾਨ ਕਰਨ ਅਤੇ ਬੀਜਾਂ ਨੂੰ ਬਚਾਉਣ ਦੀ ਕਿਸਾਨਾਂ ਦੀ ਪ੍ਰੰਪਰਿਕ ਰਵਾਇਤ ਨੂੰ ਖੋਰਾ ਲਾਉਣ ਵਾਲੀ ਗੱਲ ਹੈ। ਰਸਮੀ ਖੋਜ ਅਤੇ ਵਿਕਾਸ ਦੁਆਰਾ ਨਜ਼ਰਅੰਦਾਜ਼ ਕਿਸਾਨਾਂ ਨੂੰ ਇਸ ਵਿਭਿੰਨਤਾ ਤੱਕ ਆਪਣੀ ਪਹੁੰਚ ਬਣਾਏ ਰੱਖਣ ਲਈ ਆਪਣੇ ਨੈੱਟਵਰਕ ਉੱਪਰ ਹੀ ਭਰੋਸਾ ਕਰਨਾ ਹੋਵੇਗਾ। ਸਥਾਈ ਸਰੰਖਿਅਣ ਅਤੇ ਜੈਨੇਟਿਕ ਸ੍ਰੋਤਾਂ ਦੇ ਉਪਯੋਗ ਨੂੰ ਉਤਸ਼ਾਹਿਤ ਕਰਨ ਲਈ ਨੇਪਾਲ ਦੀ ਇੱਕ ਗੈਰ ਸਰਕਾਰੀ ਸੰਸਥਾ ਲੋਕਲ ਇਨੀਸ਼ੀਏਟਿਵਸ ਫਾਰ ਬਾਇਓਡਾਇਵਰਸਿਟੀ ਰਿਸਰਚ ਐਂਡ ਡਿਵਲਪਮੈਂਟ (ਲੀ-ਬਰਡ) 1990 ਦੇ ਦਸ਼ਕ ਦੇ ਅੰਤ ਤੋਂ ਨੇਪਾਲ ਦੇ ਵਿਭਿੰਨ ਇਲਾਕਿਆਂ ਵਿੱਚ ਸਮੁਦਾਇ ਆਧਾਰਿਤ ਜੈਵ ਵਿਭਿੰਨਤਾ ਪ੍ਰਬੰਧਨ ਨੂੰ ਉਤਸ਼ਾਹਿਤ ਕਰ ਰਹੀ ਹੈ।

ਸਮੁਦਾਇ ਆਧਾਰਿਤ ਪ੍ਰਬੰਧਨ ਇੱਕ ਅਜਿਹਾ ਤਰੀਕਾ ਹੈ ਜੋ ਕਿਸਾਨ ਸਮੁਦਾਇਆਂ ਨੂੰ ਸਾਂਝੇ ਨਿਰਣਿਆਂ ਰਾਹੀ ਟਿਕਾਊਆਜੀਵਿਕਾ ਲਈ ਸਥਾਨਕ ਜੈਨੇਟਿਕ ਸਰੋਤਾਂ ਦੇ ਪ੍ਰਬੰਧਨ ਦੇ ਸਮਰੱਥ ਬਣਾਉਂਦਾ ਹੈ। ਕਿਸਾਨ ਸਮੁਦਾਇਆਂ ਦਾ ਸਸ਼ਕਤੀਕਰਨ, ਖੇਤੀ ਜੈਵ ਵਿਭਿੰਨਤਾ ਦੀ ਸੰਭਾਲ ਅਤੇ ਜੈਵ ਵਿਭੰਨਤਾ ਆਧਾਰਿਤ ਆਜੀਵਿਕਾ ਲਈ ਸਹਿਯੋਗ ਕਰਨਾ, ਸਮੁਦਾਇ ਆਧਾਰਿਤ ਪ੍ਰਬੰਧਨ ਦੇ ਤਿੰਨ ਮੁੱਖ ਸਤੰਭ ਹਨ। ਇਸਨੂੰ ਪ੍ਰਕਿਰਿਆ ਆਧਾਰਿਤ ਕਾਰਜਪ੍ਰਣਾਲੀ ਦੇ ਤੌਰ ਤੇ ਵੀ ਦੇਖਿਆ ਜਾ ਸਕਦਾ

ਹੈ ਜੋ ਕਿ ਕਿਸਾਨ ਸਮੁਦਾਇਆਂ ਦੀਆਂ ਸਮਰੱਥਾਵਾਂ ਅਤੇ ਹਿੱਤਾਂ ਅਤੇ ਸਮੁਦਾਇ ਦੇ ਪ੍ਰਚੱਲਿਤ ਢਾਂਚਿਆਂ ਉੱਪਰ ਬਣਦੀ ਹੈ। ਇਹ ਢੰਗ ਖੇਤੀਬਾੜੀ ਜੈਵ ਵਿਭਿੰਨਤਾ ਦੀ ਯਥਾਸਥਿਤੀ ਸੰਭਾਲ ਦੇ ਵਿਗਿਆਨਕ ਆਧਾਰ ਨੂੰ ਮਜਬੂਤ ਬਣਾਉਣਾ ਦੇ ਜੈਵ ਵਿਭਿੰਨਤਾ ਦੇ ਅੰਤਰਰਾਸ਼ਟਰੀ ਪ੍ਰੋਜੈਕਟ ਜੋ ਕਿ LI-BIRD ਅਤੇ ਨੇਪਾਲ ਖੇਤੀ ਖੋਜ ਕੌਂਸਲ ਦੁਆਰਾ ਨੇਪਾਲ ਵਿੱਚ 1998 ਤੋਂ 2006 ਦੌਰਾਨ ਬੇਗਨਾਸ, ਕਾਸਕੀ ਦੀਆਂ ਮੱਧ ਪਹਾੜੀਆਂ ਅਤੇ ਬਾਰਾ ਦੇ ਕਚੋਰਵਾ ਦੀ ਤਰਾਈ ਸਮਤਲ ਭੂਮੀ ਉੱਪਰ ਲਾਗੂ ਕੀਤਾ ਗਿਆ, ਦਾ ਨਤੀਜਾ ਸੀ।

## ਸਵੈ-ਨਿਰਦੇਸ਼ਿਤ ਫੈਸਲੇ ਲੈਣ ਲਈ ਕਿਸਾਨਾਂ ਨੂੰ ਸੰਗਠਿਤ ਕਰਨਾ

2009 ਵਿੱਚ ਇਸ ਪਹੁੰਚ ਨੂੰ ਹੋਰ ਸੁਧਾਰਨ ਲਈ ਅਤੇ ਵਿਸਤਾਰ ਕਰਨ ਲਈ ਲੀ-ਬਰਡ ਨੇ ਨਾਰਵੇ ਦੀ ਇੱਕ ਗੈਰ ਸਰਕਾਰੀ ਸੰਸਥਾ ਦਿ ਡਿਵਲਪਮੈਂਟ ਫੰਡ ਨਾਲ ਮਿਲ ਕੇ ਕੰਮ ਕੀਤਾ। ਇਸ ਤਰੀਕੇ ਨੂੰ ਨੇਪਾਲ ਦੀਆਂ ਉੱਚੀਆਂ ਪਹਾੜੀਆਂ, ਮੱਧ ਪਹਾੜੀਆਂ ਅਤੇ ਤਰਾਈ ਦੇ ਸਮਤਲ ਮੈਦਾਨ ਨੂੰ ਕਵਰ ਕਰਦੇ ਹੋਏ 8 ਹੋਰ ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਗਿਆ।

ਸਾਮੂਹਿਕ ਫੈਸਲੇ ਲੈਣਾ ਇਸ ਢੰਗ ਦਾ ਕੇਂਦਰ ਬਿੰਦੂ ਹੈ ਕਿਉਂਕਿ ਇਹ ਤਰੀਕਾ ਇਸ ਸਿਧਾਂਤ ਵਿੱਚ ਵਿਸ਼ਵਾਸ ਕਰਦਾ ਹੈ ਕਿ ਕਿ ਖੇਤੀ ਜੈਵ ਵਿਭਿੰਨਤਾ ਨੂੰ ਆਪਣੇ ਖੇਤ ਵਿੱਚ ਸੰਭਾਲਣ ਸਮੇਤ ਆਪਣੇ ਖੁਦ ਦੇ ਵਿਕਾਸ ਲਈ ਸਥਾਨਕ ਲੋਕ ਅਗਵਾਈ ਕਰਨ। ਇਹ ਸਿਰਫ਼ ਉਦੋਂ ਹੀ ਸੰਭਵ ਹੈ ਜਦੋਂ ਕਿਸਾਨ ਆਪਣੇ ਸਵੈ ਨਿਰਦੇਸ਼ਿਤ ਟੀਚਿਆਂ ਨੂੰ ਸਮਝਣ, ਸਪੱਸ਼ਟ ਕਰਨ ਅਤੇ ਲਾਗੂ ਕਰਨ ਲਈ ਇਕੱਠੇ ਹੋਣ। ਹਰੇਕ ਸਾਈਟ ਵਿੱਚ, ਕਿਸਾਨਾਂ ਨੂੰ ਵਾਰਡ ਪੱਧਰ (ਵਾਰਡ ਨੇਪਾਲ ਵਿੱਚ ਸਭ ਤੋਂ ਛੋਟੀ ਰਾਜਨੀਤਿਕ ਇਕਾਈ ਹੈ) ਦੇ ਸਮੂਹਾਂ ਵਿੱਚ ਸੰਗਠਿਤ ਕੀਤਾ ਗਿਆ। ਇਹਨਾਂ ਸਮੂਹਾਂ ਨੂੰ ਅੱਗੇ ਜੈਵ ਵਿਭਿੰਨਤਾ ਸੰਭਾਲ ਅਤੇ ਵਿਕਾਸ ਕਮੇਟੀ ((BCDC) ਅਧੀਨ ਸੰਗਠਿਤ ਕੀਤਾ ਗਿਆ ਜੋ ਕਿ ਇਸ ਤਰੀਕੇ ਨੂੰ ਸਥਾਨਕ ਪੱਧਰ 'ਤੇ ਲਾਗੂਕਰਨ ਲਈ ਨੋਡਲ ਏਜੰਸੀ ਦੇ ਰੂਪ ਵਿੱਚ ਕੰਮ ਕਰਦੀ ਹੈ। ਇਹ ਏਜੰਸੀ ਆਪਣੀਆਂ ਵਰ੍ਹੇ ਦੀਆਂ ਗਤੀਵਿਧੀਆਂ ਦੀ ਯੋਜਨਾ ਇਸ ਤਰ੍ਹਾ ਬਣਾਉਂਦੀ ਹੈ ਕਿ ਇਲਾਕੇ ਦੇ ਜੈਨੇਟਿਕ ਸਰੋਤਾਂ ਦਾ ਸਥਾਨਕ ਉਪਯੋਗ ਅਤੇ ਲਗਾਤਾਰ ਸੰਭਾਲ ਨੂੰ ਯਕੀਨੀ ਬਣਾਇਆ ਜਾ ਸਕੇ।

ਕਿਸਾਨਾਂ ਦੇ ਸਮਰੱਥਾ ਨਿਰਮਾਣ ਨੂੰ ਇਸ ਸਮੁਦਾਇ ਆਧਾਰਿਤ ਪ੍ਰਬੰਧਨ ਦੀ ਮੁੱਖ ਗਤੀਵਿਧੀ ਮਿੱਥਿਆ ਗਿਆ। ਸਮਰੱਥਾ ਨਿਰਮਾਣ ਆਮ ਤੌਰ 'ਤੇ ਕਿਸਾਨ ਸੰਗਠਨਾਂ ਨੂੰ ਖੇਤੀ ਵਿਭਿੰਨਤਾ ਦੇ ਖੇਤ ਅਧਾਰਿਤ ਅਤੇ ਉਹਨਾ ਦੀ ਆਜੀਵਿਕਾ 'ਚ ਸੁਧਾਰ ਲਿਆਉਣ ਲਈ ਵਿਉਂਤਬੰਦੀ ਅਤੇ ਉਸਨੂੰ ਅਮਲੀ ਰੂਪ 'ਚ ਸੁਚੇਤ ਫੈਸਲੇ ਲੈਣ ਦੇ ਸਮਰਥ ਬਣਾਉਣ ਦੇ ਉਦੇਸ਼ ਤੋ ਪ੍ਰੇਰਿਤ ਹੈ। ਹੁਣ ਤੱਕ 30 ਬੀ ਸੀ ਡੀ ਸੀ ਅਧੀਨ 11 ਹਜਾਰ ਤੋਂ ਜ਼ਿਆਦਾ ਕਿਸਾਨ ਪਰਿਵਾਰ ਸੰਗਠਿਤ ਹੋ ਕੇ ਅਤੇ ਸਮੁਦਾਇ ਆਧਾਰਿਤ ਪ੍ਰਬੰਧਨ ਵਿੱਚ ਸ਼ਾਮਿਲ ਹੋਏ ਹਨ। ਅਤੇ ਇਹ ਗਿਣਤੀ ਸਾਲ ਦਰ ਸਾਲ ਵਧ ਰਹੀ ਹੈ।

## ਸਮੁਦਾਇਕ ਬੀਜ ਬੈਂਕ

ਕਈ ਕਾਰਨਾਂ ਜਿਵੇਂ ਕਿਸਾਨਾਂ ਦੁਆਰਾ ਆਪਣੇ ਸਾਥੀ ਕਿਸਾਨਾਂ ਦੁਆਰਾ ਅਪਣਾਏ ਤਰੀਕਿਆਂ ਨੂੰ ਅਪਣਾਉਣ ਦੀ ਪ੍ਰਵਿਰਤੀ, ਬਾਜ਼ਾਰ ਤਾਕਤਾਂ, ਹੋਰ ਸਮਾਜਿਕ ਅਤੇ ਆਰਥਿਕ ਕਾਰਨਾਂ ਕਰਕੇ ਪਹਿਲਾਂ ਹੀ ਕਈ ਸਥਾਨਕ ਕਿਸਮਾਂ ਖਤਮ ਹੋ ਚੁੱਕੀਆਂ ਹਨ। ਅਤੇ ਕਈ ਖਤਮ ਹੋ ਕੰਢੇ ਹਨ। ਇਸ ਲਈ ਜੈਵ ਵਿਭਿੰਨਤਾ ਪੱਖੋਂ ਅਮੀਰ ਅਤੇ ਗਰੀਬ ਦੋਵੇਂ ਹੀ ਤਰ੍ਹਾਂ ਦੇ ਖੇਤਰਾਂ ਵਿੱਚ ਖੇਤਾਂ ਵਿੱਚ ਹੀ ਖੇਤੀ ਜੈਵ ਵਿਭਿੰਨਤਾ ਪ੍ਰਬੰਧਨ ਨੂੰ ਉਤਸ਼ਾਹਿਤ ਕੀਤਾ ਗਿਆ। ਜਿਹੜੇ ਖੇਤਰ ਜੈਵ ਵਿਭਿੰਨਤਾ ਪੱਖੋਂ ਗਰੀਬ ਸਨ, ਉੱਥੇ ਵਿਵਸਥਾ ਵਿੱਚ ਲਚੀਲਾਪਨ ਲਿਆਉਣ ਲਈ ਨਵੀਆਂ ਕਿਸਮਾਂ, ਨਸਲਾਂ ਅਤੇ ਰੁੱਖਾਂ ਦੀ ਸ਼ੁਰੂਆਤ ਕੀਤੀ ਗਈ। ਇਸ ਦਾ ਉਦੇਸ਼ ਇਹ ਹੈ ਕਿ ਬੀਜਾਂ ਦੀਆਂ ਕਿਸਮਾਂ, ਪੌਦ ਸਮੱਗਰੀ ਅਤੇ ਪਸ਼ੂਆਂ ਦੀਆਂ ਨਸਲਾਂ ਕਿਸਾਨਾਂ ਦੇ ਨਿਯੰਤ੍ਰਣ ਵਿੱਚ ਰਹਿਣ।


ਇਸ ਤਰੀਕੇ ਵਿੱਚ, ਜਦੋਂਕਿ ਸ਼ੁਰੂਆਤੀ ਦੌਰ ਵਿੱਚ ਬਾਹਰੀ ਏਜੰਸੀਆਂ ਦੀ ਮੱਦਦ ਮਿਲਦੀ ਹੈ, ਸਮੁਦਾਇ ਦੇ ਮੈਂਬਰਾਂ ਨੂੰ ਪ੍ਰੰਪਰਿਕ ਗਿਆਨ ਅਤੇ ਜਾਣਕਾਰੀ ਨਾਲ ਜੁੜੇ ਸਥਾਨਕ ਜੈਨੇਟਿਕ ਸਰੋਤਾਂ ਦੇ ਦਸਤਾਵੇਜ਼ੀਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ। ਅਜਿਹਾ ਡਾਟਾ ਨਾ ਕੇਵਲ ਆਮ, ਦੁਰਲਭ ਅਤੇ ਵਿਲੱਖਣ ਜੈਨੇਟਿਕ ਸਰੋਤਾਂ ਦੀ ਪਹਿਚਾਣ ਕਰਨ ਲਈ ਬਲਕਿ ਖੇਤਰ ਵਿੱਚ ਮੌਜੂਦ ਜੈਨੇਟਿਕ ਸਰੋਤਾਂ ਦੇ ਮੌਜੂਦਾ ਅਤੇ ਸੰਭਾਵੀ ਮੁੱਲ ਨੂੰ ਸਮਝਣ ਲਈ ਜ਼ਰੂਰੀ ਹੈ। ਹਰੇਕ ਸਮੁਦਾਇ ਆਧਾਰਿਤ ਪ੍ਰਬੰਧਨ ਸਾਈਟ ਵਿੱਚ ਖੇਤੀ ਜੈਵ ਵਿਭਿੰਨਤਾ ਦੀ ਸਥਿਤੀ ਦੇ ਆਕਲਨ ਲਈ ਅਤੇ ਸਥਾਨਕ ਫਸਲੀ ਕਿਸਮਾਂ ਵਿੱਚ ਬਦਲਾਅ ਦੇ ਪਿੱਛੇ ਗਤੀਸ਼ੀਲਤਾ ਨੂੰ ਸਮਝਣ ਲਈ ਚਾਰ ਸੈੱਲੀ ਸਹਿਭਾਗੀ ਵਿਸ਼ਲੇਸ਼ਣ ਸੈੱਲ ਨਿਯੁਕਤ ਕੀਤਾ ਗਿਆ। ਇਸ ਅਧਿਐਨ, ਵਿਸ਼ਲੇਸ਼ਣ ਅਤੇ ਵਿਸਤ੍ਰਿਤ ਗਿਆਨ ਦੇ ਆਧਾਰ 'ਤੇ ਸਾਲ ਦਰ ਸਾਲ ਸਮੁਦਾਇ ਆਧਾਰਿਤ ਪ੍ਰਬੰਧਨ ਦੁਆਰਾ ਖਾਸ ਫਸਲ ਜਾਂ ਕਿਸਮ ਜਾਂ ਨਸਲ ਲਈ ਯੋਜਨਾ ਬਣਾਈ ਗਈ।

ਸਮੁਦਾਇਕ ਬੀਜ ਬੈਂਕ ਨੂੰ ਖੇਤ ਵਿੱਚ ਜੈਵ ਵਿਭਿੰਨਤਾ ਵਧਾਉਣ ਲਈ ਇੱਕ ਮੁੱਖ ਗਤੀਵਿਧੀ ਦੇ ਰੂਪ ਵਿੱਚ ਦੇਖਿਆ ਗਿਆ। ਹੁਣ ਤੱਕ ਲੀ-ਬਰਡ ਵੱਲੋਂ ਆਰਥਿਕ ਅਤੇ ਤਕਨੀਕੀ ਸਹਿਯੋਗ ਨਾਲ ਨੇਪਾਲ ਦੀਆਂ ਵਿਭਿੰਨ ਭੂਗੋਲਿਕ ਸਥਿਤੀਆਂ ਵਿੱਚ 15 ਸਮੁਦਾਇਕ ਬੀਜ ਬੈਂਕ ਸਥਾਪਿਤ ਕੀਤੇ ਜਾ ਚੁੱਕੇ ਹਨ। ਸਮੁਦਾਇਕ ਬੀਜ ਬੈਂਕ ਕਿਸਾਨਾਂ ਨੂੰ ਆਸਾਨੀ ਨਾਲ ਸਥਾਨਕ ਪੱਧਰ 'ਤੇ ਬਹੁਤ ਤਰ੍ਹਾਂ ਦੇ ਬੀਜ ਉਪਲਬਧ ਕਰਵਾਉਂਦੇ ਹਨ ਜਦੋਂਕਿ ਬਾਜ਼ਾਰ ਵਿੱਚ ਸਿਰਫ਼ ਕੁੱਝ ਹੀ ਕਿਸਮਾਂ ਮਿਲਦੀਆਂ ਹਨ। ਇਹਨਾਂ ਬੀਜ ਬੈਂਕਾਂ ਵਿੱਚ 1195 ਦੇ ਲਗਭਗ ਸਥਾਨਕ ਫਸਲਾਂ ਅਤੇ ਕਿਸਮਾਂ ਦੇ ਬੀਜ ਸੰਭਾਲੇ ਗਏ ਹਨ। ਅਤੇ 2000 ਦੇ ਲਗਭਗ ਕਿਸਾਨ ਹਰ ਸਾਲ ਇਹਨਾਂ ਬੀਜ ਬੈਂਕਾਂ ਤੋਂ ਵਿਭਿੰਨ ਤਰ੍ਹਾਂ ਦੇ ਬੀਜ ਲੈ ਕੇ ਇਸਤੇਮਾਲ ਕਰਦੇ ਹਨ।

## ਗ੍ਰਾਮੀਣ ਰੁਜ਼ਗਾਰ ਨੂੰ ਵਧਾਉਣਾ

ਸਥਾਨਕ ਕਿਸਮਾਂ ਅਤੇ ਨਸਲਾਂ ਦੀ ਸੰਭਾਲ ਤੋਂ ਆਰਥਿਕ ਪ੍ਰੋਤਸਾਹਨ ਪੈਦਾ ਕਰਨ ਲਈ, ਸਮੁਦਾਇ ਆਧਾਰਿਤ ਪ੍ਰਬੰਧਨ ਨੇ ਜੈਵ ਵਿਭਿੰਨਤਾ ਆਧਾਰਿਤ ਆਮਦਨ ਪੈਦਾ ਕਰਨ ਦੇ ਮੌਕਿਆਂ ਨੂੰ ਪ੍ਰੋਤਸਾਹਿਤ ਕੀਤਾ। ਸਥਾਨਕ ਜੈਨੇਟਿਕ ਸ੍ਰੋਤਾਂ ਦੇ ਮੁੱਲ ਅਤੇ ਇਸਦੀ ਸਮਰੱਥਾ ਦਾ ਵਿਸ਼ਲੇਸ਼ਣ, ਸਥਾਨਕ ਕਿਸਮਾਂ ਦੇ ਖੇਤਰ ਦੇ ਵਿਸਤਾਰ, ਸਥਾਨਕ ਪਸ਼ੂਆਂ ਦੀਆਂ ਨਸਲਾਂ ਦੀ ਗਿਣਤੀ ਵਿੱਚ ਵਾਧਾ, ਨਸਲ ਸ਼ੁੱਧੀਕਰਨ, ਵੈਲਿਊਐਡੀਸ਼ਨ ਅਤੇ ਸਥਾਨਕ ਅਤੇ ਪ੍ਰੰਪਰਿਕ ਭੋਜਨ ਉਤਪਾਦਾਂ ਦਾ ਮੰਡੀਕਰਨ, ਨਵੀਆਂ ਪ੍ਰੋਸੈਸਿੰਗ ਯੂਨਿਟਾਂ ਲਗਾਉਣਾ ਅਤੇ ਹੋਰ ਛੋਟੇ ਉੱਦਮ ਵਿਅਕਤੀਗਤ ਪੱਧਰ ਦੇ ਨਾਲ-ਨਾਲ ਸਮੁਦਾਇਕ ਪੱਧਰ ਤੇ ਡਿਜ਼ਾਈਨ ਕੀਤੇ ਗਏ। ਉਤਪਾਦਾਂ ਦੀ ਗੁਣਵੱਤਾ ਸੁਨਿਸ਼ਚਿਤ ਕਰਨ ਲਈ ਅਤੇ ਉਤਪਾਦਨ ਦੇ ਢੰਗ ਟਿਕਾਊਬਣਾਉਣ ਲਈ ਜਰੂਰੀ ਗਿਆਨ ਅਤੇ ਕੌਸ਼ਲ ਪਰਿਵਰਤਨ ਨਾਲ ਸਬੰਧਿਤ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ।

ਸੀ ਬੀ ਐਮ ਤੋਂ ਪ੍ਰਾਪਤ ਸਫਲਤਾਵਾਂ, ਖੋਜਾਂ ਅਤੇ ਤਬਦੀਲੀਆਂ ਵੱਖ ਹਨ ਅਤੇ ਜ਼ਿਕਰ ਯੋਗ ਹਨ ਡਾਂਗ ਜਿਲ੍ਹੇ ਵਿੱਚ ਰਾਮਪੁਰ ਅਤੇ ਝਾਪਾ ਜਿਲ੍ਹੇ ਦੇ ਸ਼ਿਵਾਗੁੰਜ ਵਿਖੇ ਸਥਾਨਕ ਖੁਸ਼ਬੂਦਾਰ ਚੌਲਾਂ ਦੀਆਂ ਕਿਸਮਾਂ



**ਜੈਵ ਵਿਭਿੰਨਤਾ ਉਤਸਵ**

ਤਿਲਕੀ ਅਤੇ ਕਾਲੋਨੁਨੀਆ, ਜੋ ਕਿ ਪਹਿਲਾ ਲਗਭਗ ਖਤਮ ਹੀ ਹੋ ਗਈਆਂ ਸਨ, ਹੁਣ ਇੱਕ ਆਮ ਉਗਾਈਆਂ ਜਾਣ ਵਾਲੀਆਂ ਕਿਸਮਾਂ ਬਣ ਗਈਆਂ ਹਨ। ਲੋਕ ਇਹਨਾਂ ਨੂੰ ਪ੍ਰੀਮੀਅਮ ਮੁੱਲ ਤੇ ਵੇਚ ਕੇ ਵਧੀਆ ਆਮਦਨੀ ਕਮਾਉਣ ਦੇ ਸਮਰੱਥ ਹੋ ਗਏ ਹਨ। ਕੁੰਜੋ ਅਤੇ ਮਸਤੰਗ ਵਿੱਚ ਸਥਾਨਕ ਚਿਕਨ ਦੀ ਆਬਾਦੀ ਵਧੀ ਹੈ। ਕਿਸਾਨ ਮਿਰਚਾਂ ਦੇ ਮਾਮਲੇ ਵਿੱਚ ਵੀ ਆਤਮ ਨਿਰਭਰ ਬਣੇ ਹਨ, ਹੁਣ ਉਹ ਬਾਜ਼ਾਰ ਵਿੱਚੋਂ ਨਹੀ ਖਰੀਦਦੇ।

**ਸਥਾਨਕ ਖੁਸ਼ਬੂਦਾਰ ਚੌਲਾਂ ਦੀਆਂ ਕਿਸਮਾਂ ਤਿਲਕੀ ਅਤੇ ਕਾਲੋਨੁਨੀਆ, ਜੋ ਕਿ ਪਹਿਲਾ ਲਗਭਗ ਖਤਮ ਹੀ ਹੋ ਗਈਆਂ ਸਨ, ਹੁਣ ਇੱਕ ਆਮ ਉਗਾਈਆਂ ਜਾਣ ਵਾਲੀਆਂ ਕਿਸਮਾਂ ਬਣ ਗਈਆਂ ਹਨ।**

ਅਗਿਊਲੀ ਵਿੱਚ ਨਵਲਪਾਰਸੀ, ਹੁੱਰਾ ਜੋ ਕਿ ਸੂਰ ਦੀ ਬੜੀ ਹੀ ਦੁਰਲਭ ਪ੍ਰਜਾਤੀ ਹੈ, ਹੁਣ ਆਮ ਹੋ ਗਈ ਹੈ ਅਤੇ ਹੁਣ ਮਾਝੀ ਅਤੇ ਬੋਟੇ ਦੇ 100 ਤੋਂ ਜ਼ਿਆਦਾ ਗਰੀਬ ਘਰਾਂ ਲਈ ਆਮਦਨੀ ਦਾ ਸਾਧਨ ਬਣ ਗਈ ਹੈ। ਉਸੇ ਹੀ ਪਿੰਡ ਵਿੱਚ ਸਮੁਦਾਇ ਦੇ ਲੋਕ ਖੇਤੀ ਪਰਿਵਾਰਾਂ ਲਈ ਚਾਰੇ ਦੀ ਉਪਲਬਧਤਾ ਵਧਾਉਣ ਲਈ 10 ਹੈਕਟੇਅਰ ਤੋਂ ਜ਼ਿਆਦਾ ਖੇਤਰ ਦੀਆਂ ਸਾਂਝੀਆਂ ਚਰਾਗਾਹਾਂ ਨੂੰ ਸੁਰਜੀਤ ਕਰਨ ਲਈ ਇਕੱਠੇ ਹੋਏ ਹਨ ਜੋ ਕਿ ਹੜ੍ਹਾਂ ਦੇ ਕਾਰਨ ਖਤਮ ਹੋ ਗਈਆਂ ਸਨ।

ਤਲਿਉਮ, ਜੁਮਲਾ ਵਿਖੇ ਸਮੁਦਾਇ ਆਧਾਰਿਤ ਪ੍ਰਬੰਧਨ ਨੇ ਔਰਤਾਂ ਦੀ ਕੰਮਾਂ ਦੀ ਕਠਿਨਾਈ ਨੂੰ ਘੱਟ ਕਰਨ ਵਿੱਚ ਬੜਾ ਪ੍ਰਭਾਵੀ ਕੰਮ ਕੀਤਾ ਹੈ। ਧਾਤੇਲੋ, ਖੇਤਰ ਦਾ ਇੱਕ ਦੇਸੀ ਪੌਦਾ ਜੋ ਕਿ ਆਮ ਤੌਰ ਤੇ ਵਾੜ ਲਗਾਉਣ ਦੇ ਕੰਮ ਲਈ ਵਰਤਿਆ ਜਾਂਦਾ ਹੈ, ਦੇ ਬੀਜਾਂ ਦਾ ਪ੍ਰਯੋਗ ਤੇਲ ਕੱਢਣ ਲਈ ਵੀ ਕੀਤਾ ਜਾਂਦਾ ਹੈ। ਕਿਉਂਕਿ ਇਹ ਜ਼ਿਆਦਾ ਮਿਹਨਤ ਵਾਲਾ ਕੰਮ ਹੈ ਅਤੇ ਬੀਜਾਂ ਨੂੰ ਇਕੱਠਾ ਕਰਨ ਲਈ ਕਈ ਘੰਟੇ ਚੱਲਣਾ ਪੈਂਦਾ ਹੈ, ਗਰੀਬ ਪਰਿਵਾਰਾਂ ਦੀਆਂ ਔਰਤਾਂ ਹੀ ਇਹਨਾਂ ਨੂੰ ਇਕੱਠਾ ਕਰਦੀਆਂ ਹਨ ਅਤੇ ਹੱਥੀਂ ਤੇਲ ਕੱਢਦੀਆਂ ਹਨ।

ਪ੍ਰੰਪਰਿਕ ਤਰੀਕੇ ਨਾਲ 2 ਲਿਟਰ ਤੇਲ ਕੱਢਣ ਲਈ ਇੱਕ ਔਰਤ ਨੂੰ ਇੱਕ ਦਿਨ ਲੱਗਦਾ ਹੈ। ਹੁਣ ਸਮੁਦਾਇ ਆਧਾਰਿਤ ਪ੍ਰਬੰਧਨ ਦੇ ਸਹਿਯੋਗ ਅਤੇ ਸਮੁਦਾਇ ਦੀਆਂ ਕੋਸ਼ਿਸ਼ਾਂ ਨਾਲ ਸਥਿਤੀ ਬਦਲ ਗਈ ਹੈ। ਹੁਣ ਇੱਕ ਤੇਲ ਕੱਢਣ ਵਾਲੀ ਮਸ਼ੀਨ ਹੈ ਜਿਸ ਨਾਲ 30 ਮਿਨਟ ਵਿੱਚ 10 ਕਿਲੋ ਬੀਜਾਂ ਤੋਂ 3 ਤੋਂ 5 ਲਿਟਰ ਤੇਲ ਕੱਢਿਆ ਜਾ ਸਕਦਾ ਹੈ। ਇਸਨੇ ਨਾ ਸਿਰਫ ਉਹਨਾਂ ਔਰਤਾਂ ਦੀ ਕਠਿਨਾਈ ਅਤੇ ਕੰਮ ਦੇ ਭਾਰ ਨੂੰ ਘਟਾਇਆ ਹੈ ਬਲਕਿ ਤੇਲ ਦੀ ਵਿਕਰੀ ਕਰਕੇ ਗਰੀਬ ਔਰਤਾਂ ਦੀ ਆਮਦਨ ਵਿੱਚ ਵੀ ਵਾਧਾ ਹੋਇਆ ਹੈ। ਹੁਣ ਧਾਤੇਲੋ ਪੌਦੇ ਵਿੱਚ ਸਿਰਫ ਗਰੀਬ ਔਰਤਾਂ ਦੀ ਹੀ ਦਿਲਚਸਪੀ ਨਹੀ ਰਹੀ ਸਗੋਂ ਪਿੰਡ ਦੇ ਲੋਕ ਇਕੱਠੇ ਹੋਏ ਹਨ ਅਤੇ ਉਹਨਾਂ ਨੇ ਪਿੰਡ ਦੇ ਨੇੜੇ ਦੀ ਬੰਜਰ ਭੂਮੀ ਵਿੱਚ 2200 ਪੌਦ ਲਗਾਈਆਂ ਹਨ। ਆਪਣੀਆਂ ਮਜ਼ਬੂਤ ਜੜ੍ਹਾਂ ਕਾਰਨ ਧਾਤੇਲੋ ਭੂਸਖਲਨ ਨੂੰ ਰੋਕਣ ਵਿੱਚ ਮੱਦਦ ਕਰਦਾ ਹੈ।

## ਸਮੁਦਾਇ ਆਧਾਰਿਤ ਪ੍ਰਬੰਧਨ ਨੂੰ ਟਿਕਾਊਬਣਾਉਣਾ

ਲੀ-ਬਰਡ ਅਤੇ ਸਮੁਦਾਇ ਦੀ ਸਹਾਇਤਾ ਨਾਲ ਇੱਕ ਫੰਡ ਸਥਾਪਿਤ ਕੀਤਾ ਗਿਆ ਹੈ। ਇਹ ਕਿਸਾਨ ਸੰਗਠਨਾਂ ਦੁਆਰਾ ਹੀ ਸੰਚਾਲਿਤ ਅਤੇ




ਤਾਰੋ ਵਿਭਿੰਨਤਾ ਬਲਾਕ

ਪ੍ਰਬੰਧਿਤ ਕੀਤਾ ਜਾਂਦਾ ਹੈ ਅਤੇ ਇਸ ਦੇ ਰਾਹੀ ਗਰੀਬ ਕਿਸਾਨਾਂ ਨੂੰ ਆਸਾਨ ਕਰਜ਼ ਮੁਹੱਈਆ ਕਰਵਾਇਆ ਜਾਂਦਾ ਹੈ। ਵਾਧੂਖੇਤੀ ਆਧਾਰਿਤ ਰੁਜ਼ਗਾਰ ਸੰਪਤੀਆਂ ਵਿੱਚ ਨਿਵੇਸ਼ ਕਰਕੇ ਕਿਸਾਨ ਆਪਣੀ ਆਮਦਨ ਓੁੱਚ ਵਾਧਾ ਕਰ ਸਕਦੇ ਹਨ। ਇਸ ਫੰਡ ਤੋਂ ਪ੍ਰਾਪਤ ਵਿਆਜ਼ ਨੂੰ ਕਿਸਾਨ ਸੰਗਠਨ ਆਪਣੇ ਖਰਚੇ ਪੂਰੇ ਕਰਨ ਅਤੇ ਬੀਜਾਂ ਦੀਆਂ ਸਥਾਨਕ ਕਿਸਮਾਂ ਦੀ ਸਾਂਭ-ਸੰਭਾਲ ਅਤੇ ਵਿਤਰਣ ਲਈ ਵਰਤਦੇ ਹਨ।

ਇਹ ਫੰਡ 21 ਪਿੰਡਾਂ ਵਿੱਚ ਇੱਕ ਲੱਖ ਅਮਰੀਕੀ ਡਾਲਰ ਦੀ ਸੰਖਿਆ ਲੰਘ ਚੁੱਕਿਆ ਹੈ। ਹਰ ਸਾਲ 2000 ਮੈਂਬਰ ਆਪਣਾ ਛੋਟਾ ਕੰਮ ਧੰਦਾ ਸ਼ੁਰੂਕਰਨ ਲਈ ਅਤੇ ਆਪਣੇ ਪਰਿਵਾਰ ਦੀ ਆਰਥਿਕਤਾ ਨੂੰ ਸਹਾਰਾ ਦੇਣ ਲਈ ਛੋਟੇ ਕਰਜ਼ ਲੈਂਦੇ ਹਨ। ਰਿਕਾਰਡ ਦੱਸਦੇ ਹਨ ਕਿ 50 ਪ੍ਰਤੀਸ਼ਤ ਤੋਂ ਜ਼ਿਆਦਾ ਲਾਭਕਰਤਾ ਗਰੀਬ ਵਰਗ ਦੇ ਹਨ। ਇਹ ਫੰਡ ਸਮੁਦਾਇ ਆਧਾਰਿਤ ਪ੍ਰਬੰਧਨ ਦੀਆਂ ਗਤੀਵਿਧੀਆਂ ਅਤੇ ਸੰਗਠਨ ਟਿਕਾਊਪਣ ਲਈ ਆਰਥਿਕ ਸੰਸਾਧਨ ਜੁਟਾਉਣ ਲਈ ਇੱਕ ਪੱਕਾ ਸ੍ਰੋਤ ਬਣ ਗਿਆ ਹੈ। •

ਪਿਤਾਂਬਰ ਸ੍ਰੇਸ਼ਠਾ (Pitambar@libird.org) ਅਤੇ
ਸਜਲ ਸਤਾਪਿਤ (ssthapit@libird.org)
ਲੋਕਲ ਇਨੀਸ਼ੀਏਟਿਵਸ ਫਾਰ ਬਾਇਓਡਾਇਵਰਸਿਟੀ,
ਰਿਸਰਚ ਐਂਡ ਡਿਵਲਪਮੈਂਟ (ਲੀ-ਬਰਡ) ਲਈ ਕੰਮ ਕਰਦੇ ਹਨ।
ਪੋਸਟ ਬਾਕਸ 324, ਗਾਇਰਾਪਾਟਨ, ਪੋਖਰਾ, ਕਾਸਕੀ, ਨੇਪਾਲ
ਹੋਰ ਜਾਣਕਾਰੀ ਲਈ ਵੈੱਬਸਾਈਟ ਦੇਖੋ - www.libird.org

**ਸ੍ਰੋਤ:**

Shrestha P., Sthapit. S and Paudel. I.,
Community seed banks: a local solution to increase access to quality and diversity of seeds, in Community Seed Banks in Nepal: Past, Present, Future, 2013.

R. Vernooy and P.Chaudhary (eds).,
Proceedings of a national workshop, LI-BIRD/USC Canada Asia/The Development Fund/ IFAD/Bioversity International, 14-15 June 2012, Pokhara, Nepal.

Shrestha P., Sthapit. S., Paudel I., Subedi S., Subedi A and Sthapit B., A Guide to Establishing a Community Biodiversity Management Fund for Enhancing Agricultural Biodiversity Conservation and Rural Livelihoods, 2012, LI-BIRD, Pokhara, Nepal.

Shrestha P. and Chaudhary P., Managing Biodiversity: Nepal's BCDC, Farming Matters, Vol. 28.3, September 2012, pp 22-24.

**Conservation by communities**
**LEISA INDIA, Vol-16, No.1, March 2014.**



ਕਿਸਾਨ ਆਪਣਾ ਅਨਾਰਾਂ ਦਾ ਖੇਤ ਦਿਖਾਉਂਦੇ ਹੋਏ (2012)

# ਫਸਲ ਵਿਭਿੰਨਤਾ ਦੁਆਰਾ ਜਲਵਾਯੂ ਪਰਿਵਰਤਨ ਨੂੰ ਅਨੁਕੂਲ ਬਣਾਉਣਾ

*ਈਸ਼ਵਰ ਕਾਲੇ ਅਤੇ ਮਾਰਸੇਲਾ ਡਿਸੂਜ਼ਾ*

ਜਿੱਥੇ ਹਰ ਜਗ੍ਹਾ ਕਿਸਾਨ ਬਦਲਦੀਆਂ ਖੇਤੀ ਜਲਵਾਯੂ ਪਰਿਸਥਿਤੀਆਂ ਨਾਲ ਨਿਪਟਣ ਲਈ ਸੰਘਰਸ਼ ਕਰ ਰਹੇ ਹਨ, ਉੱਥੇ ਹੀ ਮਹਾਂਰਾਸ਼ਟਰ ਦੇ ਖੁੰਬਾਰਵਾੜੀ ਪਿੰਡ ਦੇ ਕੁੱਝ ਕਿਸਾਨ ਆਪਣੀ ਫਸਲੀ ਪ੍ਰਣਾਲੀ ਵਿੱਚ ਵਿਭਿੰਨਤਾ ਲਿਆ ਕੇ ਪਰਿਸਥਿਤੀਆਂ ਨੂੰ ਅਨੁਕੂਲ ਬਣਾ ਰਹੇ ਹਨ। ਫਸਲੀ ਵਿਭਿੰਨਤਾ ਨੇ ਨਾ ਸਿਰਫ ਜਲਵਾਯੂਅਤੇ ਮੰਡੀ ਦੇ ਜੋਖਿਮ ਨੂੰ ਘਟਾਇਆ ਹੈ ਬਲਕਿ ਘਰੇਲੂ ਪੱਧਰ ਤੇ ਵਿਭਿੰਨਤਾ ਭਰਪੂਰ ਅਤੇ ਪੌਸ਼ਟਿਕ ਭੋਜਨ ਵੀ ਉਪਲਬਧ ਕਰਵਾਇਆ ਹੈ।

ਪਿਛਲੇ ਕੁੱਝ ਸਾਲਾਂ ਦੌਰਾਨ ਕਿਸਾਨਾਂ ਦੁਆਰਾ ਕਈ ਵਾਰ ਮੌਸਮ ਦੀ ਅਨਿਸ਼ਚਿਤਤਾ ਨੂੰ ਮਹਿਸੂਸ ਕੀਤਾ ਗਿਆ ਹੈ। ਇਹ ਦੇਰੀ ਅਤੇ ਬੇਮੌਸਮੀ ਬਾਰਿਸ਼, ਹੜ੍ਹ, ਤਾਪਮਾਨ ਵਿੱਚ ਵਾਧਾ, ਜਿਸਦੇ ਪਰਿਣਾਮਸਰੂਪ ਫਸਲ ਦਾ ਨੁਕਸਾਨ ਆਦਿ ਦੇ ਰੂਪ ਵਿੱਚ ਸਮੱਸਿਆ ਪ੍ਰਗਟ ਹੋਈ ਹੈ। ਉਦਾਹਰਣ ਲਈ, ਅਹਿਮਦਨਗਰ ਜ਼ਿਲ੍ਹੇ ਦੇ ਅਕੋਲੇ ਬਲਾਕ ਦੇ ਪਿੰਡਾਂ ਵਿੱਚ ਰਬੀ ਦੇ ਸੀਜ਼ਨ ਦੌਰਾਨ ਬੀਜੀ ਕਣਕ ਅਤੇ ਛੋਲਿਆਂ ਦੀ ਫਸਲ ਦਾ ਨਵੰਬਰ 2010 ਵਿੱਚ ਹੋਈ ਬੇਮੌਸਮੀ ਬਾਰਿਸ਼ ਕਰਕੇ ਪਾਣੀ ਜ਼ਮ੍ਹਾ ਹੋਣ ਕਰਕੇ ਨੁਕਸਾਨ ਹੋ ਗਿਆ। ਦਸੰਬਰ ਦੇ ਮਹੀਨੇ ਦੌਰਾਨ ਦੁਬਾਰਾ ਬਿਜਾਈ ਕੀਤੀ ਗਈ ਪਰ ਝਾੜ ਵਿੱਚ 50 ਪ੍ਰਤੀਸ਼ਤ ਦੀ ਕਮੀ ਆਈ। ਇਸੇ ਤਰ੍ਹਾਂ, ਮਈ 2011 ਦੇ ਆਖਰੀ ਹਫ਼ਤੇ ਦੌਰਾਨ ਹੋਈ ਭਾਰੀ ਬਾਰਿਸ਼ ਕਰਕੇ ਬਾਜਰੇ ਅਤੇ ਮੂੰਗਫਲੀ ਦੀ ਫਸਲ ਦਾ ਲਗਭਗ 50 ਪ੍ਰਤੀਸ਼ਤ ਨੁਕਸਾਨ ਹੋ ਗਿਆ। ਫਿਰ 9 ਫਰਵਰੀ 2012 ਨੂੰ ਬੇਮੌਸਮੀ ਠੰਢ ਕਰਕੇ ਮੂੰਗਫਲੀ ਜਿਹੀਆਂ ਫਸਲਾਂ ਦਾ ਨੁਕਸਾਨ ਹੋ ਗਿਆ ਜਿੰਨਾਂ ਨੇ ਹਾਲੇ ਪੁੰਗਰਣਾ ਸ਼ੁਰੂ ਹੀ ਕੀਤਾ ਸੀ। ਕਿਸਾਨਾਂ ਲਈ ਇਸ ਅਨਿਸ਼ਚਿਤ ਮਾਨਸੂਨ ਨਾਲ ਤਾਲਮੇਲ ਬਿਠਾਉਣਾ ਮੁਸ਼ਕਿਲ ਹੋ ਰਿਹਾ ਹੈ ਜੋ ਕਿ ਲਗਾਤਾਰ ਇੰਝ ਕਰ ਰਿਹਾ ਹੈ।

1996 ਤੋਂ 2001 ਦੇ ਦੌਰਾਨ, ਇੱਕ ਗੈਰ ਸਰਕਾਰੀ ਸੰਸਥਾ ਡਬਲਿਓ ਓ ਟੀ ਆਰ ਨੇ ਖੁੰਬਾਰਵਾੜੀ ਪਿੰਡ ਸਮੇਤ ਮਹਾਂਰਾਸ਼ਟਰ ਦੇ ਕਈ ਹਿੱਸਿਆਂ ਵਿੱਚ ਇੰਡੋ-ਜਰਮਨ ਵਾਟਰਸ਼ੈਡ ਵਿਕਾਸ ਪ੍ਰੋਗਰਾਮ ਲਾਗੂ ਕੀਤਾ। 2012 ਵਿੱਚ ਡਬਲਿਊ ਓ ਟੀ ਆਰ ਨੇ ਵਾਟਰਸ਼ੈਡ ਵਿਕਾਸ ਪ੍ਰੋਗਰਾਮ ਦੇ ਪੂਰਾ ਹੋਣ ਤੇ ਬਨਸਪਤੀ ਅਤੇ ਫਸਲੀ ਪ੍ਰਣਾਲੀ ਵਿੱਚ ਆਏ ਪਰਿਵਰਤਨ ਦਾ ਮੁਲਾਂਕਣ ਕਰਨ ਲਈ ਇੱਕ ਜੀ ਆਈ ਐਸ ਅਧਿਐਨ ਕਰਵਾਇਆ। ਉਸ ਸਾਲ ਬਾਰਿਸ਼ ਘੱਟ ਹੋਣ ਦੇ ਬਾਵਜੂਦ, ਫਸਲਾਂ ਵਿੱਚ ਵਿਭਿੰਨਤਾ ਦੇਖਣ ਨੂੰ ਮਿਲੀ। ਇਸਨੇ ਪਿੰਡਾਂ ਵਿੱਚ ਫਸਲੀ ਵਿਭਿੰਨਤਾ ਲਈ ਕਾਰਨਾਂ ਨੂੰ ਸਮਝਣ ਦੇ ਲਈ ਅੱਗੇ ਜਾਂਚ ਕਰਨ ਦੇ ਲਈ ਡਬਲਿਊ ਓ ਟੀ ਆਰ ਨੂੰ ਪ੍ਰੇਰਿਤ ਕੀਤਾ। ਅਸੀਂ ਵੱਖ-ਵੱਚ ਦੌਰ ਵਿੱਚ ਪਿੰਡ ਵਿੱਚ ਫਸਲਾਂ ਦੇ ਡਾਟਾ ਲਈ ਤੁਲਨਾਤਮਕ ਵਿਧੀ ਦਾ ਪ੍ਰਯੋਗ ਕੀਤਾ। ਅਸੀਂ ਫਸਲੀ-ਡਾਟਾ ਨੂੰ ਤਿਨ ਚਰਣਾਂ 1996 (ਵਾਟਰਸ਼ੈਡ ਵਿਕਾਸ ਪ੍ਰੋਗਰਾਮ ਤੋਂ ਪਹਿਲਾਂ), 2011 ਅਤੇ 2012 ਵਿੱਚ ਸਾਰਣੀਬੱਧ ਕੀਤਾ।

ਸਾਲ 2012 ਵਿੱਚ ਫਸਲਾਂ ਦੀ ਉੱਚ ਵਿਭਿੰਨਤਾ ਨੂੰ ਸਮਝਣ ਲਈ ਅਸੀਂ ਸਰਵੇ ਵਿਧੀ ਨੂੰ ਅਪਣਾਇਆ। ਸਰਵੇ ਵਿੱਚ, ਅਸੀਂ ਉਹਨਾਂ ਕਿਸਾਨਾਂ ਨੂੰ ਸ਼ਾਮਿਲ ਕੀਤਾ ਜਿੰਨ੍ਹਾਂ ਨੇ ਨਕਦੀ ਫਸਲਾਂ, ਬਾਗਬਾਨੀ ਫਸਲਾਂ, ਚਾਰਾ ਫਸਲਾਂ ਅਤੇ ਸਬਜ਼ੀਆਂ ਲਗਾਈਆਂ। ਅਸੀਂ ਦਾਲਾਂ ਅਤੇ ਅਨਾਜ ਦੀ ਖੇਤੀ ਵਿੱਚ ਆਏ ਬਦਲਾਵਾਂ ਨੂੰ ਵੀ ਸਮਝਣ ਲਈ ਕੁੱਝ ਕਿਸਾਨਾਂ ਨੂੰ ਸ਼ਾਮਿਲ ਕੀਤਾ। ਇਸਦੇ ਇਲਾਵਾ, ਅਸੀਂ ਕਿਸਾਨਾਂ ਨਾਲ ਸਮੂਹਿਕ ਵਿਚਾਰ ਚਰਚਾਵਾਂ ਆਯੋਜਿਤ ਕੀਤੀਆਂ ਤਾਂਕਿ ਫਸਲ ਪ੍ਰਣਾਲੀ ਵਿੱਚ ਬਦਲਾਅ ਦੇ ਪ੍ਰਤਿ ਉਹਨਾਂ ਦੇ ਅਨੁਭਵਾਂ ਅਤੇ ਵਿਚਾਰਾਂ ਨੂੰ ਸਮਝ ਸਕੀਏ।

## ਫਸਲੀ ਵਿਭਿੰਨਤਾ ਨਾਲ ਜਲ ਸੰਭਾਲ

ਖੁੰਬਾਰਵਾੜੀ ਪਿੰਡ ਪੱਛਮੀ ਮਹਾਂਰਾਸ਼ਟਰ ਦੇ ਅਹਿਮਦਨਗਰ ਜਿਲ੍ਹੇ ਦੀ ਸਾਂਗਮਨੇਰ ਤਾਲੁਕਾ ਤੋਂ 45 ਕਿਲੋਮੀਟਰ ਦੂਰ ਦੱਖਣ-ਪੱਛਮ ਵੱਲ ਸਥਿਤ ਹੈ। ਪਿੰਡ ਵਿੱਚ 145 ਘਰ ਹਨ ਜੋ ਅਲੱਗ-ਅਲੱਗ ਬਸਤੀਆਂ ਵਿੱਚ ਵੰਡੇ ਹੋਏ ਹਨ। ਹਾਲਾਂਕਿ ਖੇਤੀ ਪਿੰਡ ਦਾ ਮੁੱਖ ਕਿੱਤਾ ਹੈ, ਫਿਰ ਵੀ ਕਾਫ਼ੀ ਘਰ ਡੇਅਰੀ ਦੇ ਧੰਦੇ ਵਿੱਚ ਹਨ, ਇਸ ਲਈ ਪਸ਼ੂਪਾਲਣ ਵੀ ਇੱਕ ਮੁੱਖ ਸਹਾਇਕ ਧੰਦਾ ਹੈ। ਖੁੰਬਾਰਵਾੜੀ ਮਹਾਂਰਾਸ਼ਟਰ ਦੇ ਅਜਿਹੇ ਖੇਤਰ ਵਿੱਚ ਸਥਿਤ ਹੈ ਜਿੱਥੇ ਬਾਰਿਸ਼ ਬਹੁਤ ਘੱਟ (500 ਐਮ ਐਮ ਪ੍ਰਤਿ ਸਾਲ) ਪੈਂਦੀ ਹੈ ਅਤੇ ਸੋਕਾ ਇੱਕ ਆਮ ਗੱਲ ਹੈ।

1996 ਵਿੱਚ ਇੰਡੋ-ਜਰਮਨ ਵਾਟਰਸ਼ੈਡ ਵਿਕਾਸ ਪ੍ਰੋਗਰਾਮ ਦੇ ਲਾਗੂ ਹੋਣ ਤੋਂ ਪਹਿਲਾਂ, ਸਾਲਾਨਾ ਫਸਲੀ ਪ੍ਰਣਾਲੀ ਵਿੱਚ ਸਿਰਫ ਦੋ ਮੁੱਖ ਫਸਲਾਂ ਬਾਜਰਾ (ਖਰੀਫ) ਅਤੇ ਜਵਾਰ (ਰਬੀ) ਸਨ। ਥੋੜ੍ਹਾ ਬਹੁਤ ਮੋਠ, ਮੂੰਗ, ਕੁਲਥ ਅਤੇ ਚਾਰੇ ਲਈ ਗੰਨਾ ਲਗਾਇਆ ਜਾਂਦਾ ਸੀ। ਵਰਖਾ ਆਧਾਰਿਤ ਸਥਿਤੀਆਂ ਵਿੱਚ 325.5 ਹੈਕਟੇਅਰ ਭੂਮੀ ਉੱਪਰ ਖੇਤੀ ਹੁੰਦੀ ਸੀ ਅਤੇ 66 ਹੈਕਟੇਅਰ ਭੂਮੀ ਖਾਲੀ ਰੱਖੀ ਜਾਂਦੀ ਸੀ। ਖਰੀਫ ਦੌਰਾਨ ਬਾਜਰਾ (168 ਹੈਕਟੇਅਰ) ਅਤੇ ਰਬੀ ਦੌਰਾਨ ਜਵਾਰ (149 ਹੈਕਟੇਅਰ) ਮੁੱਖ ਫਸਲਾਂ ਸਨ। ਇਹ ਸਿਰਫ ਆਪਣੀ ਘਰੇਲੂਖਪਤ (ਭੋਜਨ ਅਤੇ ਚਾਰਾ) ਦੇ ਲਈ ਹੀ ਉਗਾਈਆਂ ਜਾਂਦੀਆਂ ਸਨ। ਕਣਕ ਦੀ ਖੇਤੀ ਬਾਰੇ ਤਾਂ ਸੁਣਿਆ ਹੀ ਨਹੀਂ ਸੀ।

ਵਾਟਰਸ਼ੈਡ ਪ੍ਰੋਗਰਾਮ ਤੋਂ ਬਾਅਦ, 2002 ਤੋਂ ਬਾਅਦ ਹੁਣ ਤੱਕ, ਪਾਣੀ ਦੇ ਪੱਧਰ ਦੇ ਵਧਣ ਕਰਕੇ, ਕਿਸਾਨਾਂ ਨੇ ਨਕਦੀ ਫਸਲਾਂ ਜਿਵੇਂ ਕਣਕ, ਪਿਆਜ਼ ਅਤੇ ਟਮਾਟਰ ਆਦਿ ਉਗਾਉਣੀਆਂ ਸ਼ੁਰੂ ਕੀਤੀਆਂ। ਆਪਣੇ ਅਧਿਐਨ ਦੌਰਾਨ ਅਸੀ ਪਾਇਆ ਕਿ 2011 ਵਿੱਚ ਜੂਨ ਦੇ ਪਹਿਲੇ ਅਤੇ ਦੂਸਰੇ ਹਫਤੇ ਵਿੱਚ(ਖਰੀਫ ਦੀ ਬਿਜਾਈ ਦਾ ਸਮਾਂ) ਅਤੇ ਸਤੰਬਰ ਦੇ ਮੱਧ ਵਿੱਚ (ਰਬੀ ਦੀ ਬਿਜਾਈ ਦਾ ਸਮਾਂ) ਵਧੀਆ ਬਾਰਿਸ਼ ਹੋਈ।

ਵਧੀਆ ਬਾਰਿਸ਼ ਕਰਕੇ, 414.75 ਹੈਕਟੇਅਰ ਭੂਮੀ ਉੱਪਰ ਖੇਤੀ ਕੀਤੀ ਗਈ। ਕਿਸਾਨਾਂ ਨੇ 15 ਅਲੱਗ-ਅਲੱਗ ਤਰ੍ਹਾਂ ਦੀਆਂ ਫਸਲਾਂ ਬੀਜੀਆਂ। ਖਰੀਫ ਵਿੱਚ ਬਾਜਰਾ (40 ਹੈਕਟੇਅਰ), ਪਿਆਜ਼, ਟਮਾਟਰ ਅਤੇ ਸੋਇਆ ਵੱਡੇ ਖੇਤਰ ਵਿੱਚ ਲਗਾਈਆਂ ਗਈਆਂ ਜਦਕਿ ਰਬੀ ਵਿੱਚ ਕਣਕ (80 ਹੈਕਟੇਅਰ), ਜਵਾਰ (60 ਹੈਕਟੇਅਰ), ਪਿਆਜ਼ ਅਤੇ ਟਮਾਟਰ ਮੁੱਖ ਫਸਲਾਂ ਸਨ। ਗਰਮੀਆਂ ਦੌਰਾਨ, ਕਿਸਾਨਾਂ ਨੇ ਟਮਾਟਰ (10 ਹੈਕਟੇਅਰ) ਅਤੇ ਚਾਰਾ (25 ਹੈਕਟੇਅਰ) ਬੀਜਿਆ। ਇਸਦੇ ਇਲਾਵਾ, 3 ਸੀਜ਼ਨਾਂ ਦੌਰਾਨ ਉਹਨਾਂ ਨੇ ਦਾਲਾਂ ਦੀਆਂ 4 ਕਿਸਮਾਂ ਅਤੇ ਕੁੱਝ ਸਬਜ਼ੀਆਂ ਉਗਾਈਆਂ। ਕੁੱਝ ਕੁ ਕਿਸਾਨਾਂ ਨੇ ਅਨਾਰ ਦੀ ਖੇਤੀ ਵੀ ਸ਼ੁਰੂ ਕੀਤੀ।

## ਘੱਟ ਬਾਰਿਸ਼ ਦੀ ਸਥਿਤੀ ਲਈ ਅਨੁਕੂਲ

2012 ਵਿੱਚ ਬਾਰਿਸ਼ (287 ਐਮ ਐਮ) 2011 ਦੀ ਬਾਰਿਸ਼ (450 ਐਮ ਐਮ) ਦੀ ਤੁਲਨਾ ਵਿੱਚ ਘੱਟ ਹੋਈ। ਕੁੱਲ ਸਾਲਾਨਾ ਬਾਰਿਸ਼ ਦੇ ਇਲਾਵਾ, ਬਾਰਿਸ਼ ਦੇ ਦਿਨਾਂ ਦੀ ਸੰਖਿਆ ਵਿੱਚ ਵੀ (2011 ਦੇ 86 ਦਿਨਾਂ ਦੇ ਮੁਕਾਬਲੇ 2012 ਵਿੱਚ 60 ਦਿਨ ) ਕਮੀ ਆਈ। 2012 ਵਿੱਚ, ਖਰੀਫ ਦੀ ਬਿਜਾਈ ਲਈ ਲੋੜੀਂਦੀ ਬਾਰਿਸ਼ ਦੇਰੀ ਨਾਲ ਹੋਈ। ਇਹ ਜੁਲਾਈ ਦੇ ਪਹਿਲੇ ਹਫ਼ਤੇ ਹੋਈ ਅਤੇ ਰਬੀ ਦੇ ਸੀਜ਼ਨ ਲਈ ਵੀ ਬਾਰਿਸ਼, ਸਤੰਬਰ ਦੇ ਅਖੀਰ ਅਤੇ ਅਕਤੂਬਰ ਦੇ ਪਹਿਲੇ ਹਫਤੇ ਹੋਈ, ਜੋ ਕਿ ਲੇਟ ਸੀ।

ਬਾਰਿਸ਼ ਦੇ ਪੈਟਰਨ ਵਿੱਚ ਤਬਦੀਲੀ ਕਾਰਨ, ਕਿਸਾਨਾਂ ਦੀ ਫਸਲਾਂ ਦੀ ਚੋਣ ਲਈ ਪ੍ਰਤੀਕਿਰਿਆ ਅਲੱਗ ਸੀ। ਘੱਟ ਬਾਰਿਸ਼ ਦੇ ਬਾਵਜੂਦ, ਕਿਸਾਨਾਂ ਨੇ ਵਿਭਿੰਨ ਫਸਲਾਂ ਉਗਾਈਆਂ। ਹਾਲਾਂਕਿ ਖੇਤੀ ਅਧੀਨ ਰਕਬਾ 318 ਹੈਕਟੇਅਰ ਸੀ, ਕਿਸਾਨਾਂ ਨੇ ਤਿੰਨਾਂ ਸੀਜ਼ਨ ਦੌਰਾਨ ਫਸਲੀ ਵਿਭਿੰਨਤਾ ਦਾ ਪਾਲਣ ਕੀਤਾ। ਲਗਭਗ 24 ਤਰ੍ਹਾਂ ਦੀਆਂ ਫਸਲਾਂ ਲਗਾਈਆਂ ਗਈਆਂ। ਇਹਨਾਂ ਵਿੱਚ ਅਨਾਜ, ਦਾਲਾਂ, ਸਬਜ਼ੀਆਂ, ਚਾਰਾ, ਫਲ ਅਤੇ ਰੇਸ਼ੇਦਾਰ ਫਸਲਾਂ (ਕਪਾਹ ਅਤੇ ਸੂਰਜ ਭੰਗ) ਸ਼ਾਮਿਲ ਸਨ। ਜਵਾਰ ਮੁੱਖ ਫਸਲ ਸੀ ਜੋ ਕਿ 142 ਹੈਕਟੇਅਰ ਵਿੱਚ ਲਗਾਈ ਗਈ ਜੋ ਕਿ 2011 ਦੇ ਮੁਕਾਬਲੇ ਦੁੱਗਣਾ ਸੀ।

> ਘੱਟ ਬਾਰਿਸ਼ ਦੇ ਬਾਵਜੂਦ, ਖੁੰਬਾਰਵਾੜੀ ਪਿੰਡ ਦੇ ਕਿਸਾਨ 24 ਤਰਾਂ ਦੀਆਂ ਫਸਲਾਂ ਉਗਾਉਣ ਵਿੱਚ ਕਾਮਯਾਬ ਰਹੇ।

ਖਰੀਫ 2012 ਵਿੱਚ, ਘੱਟ ਬਾਰਿਸ਼ ਅਤੇ ਦੇਰੀ ਨਾਲ ਆਏ ਮਾਨਸੂਨ ਕਰਕੇ ਉਹਨਾਂ ਨੇ 2011 ਦੇ ਮੁਕਾਬਲੇ ਲਗਭਗ ਦੁੱਗਣੇ ਖੇਤਰ ਵਿੱਚ ਬਾਜਰੇ ਦੀ ਖੇਤੀ ਕੀਤੀ। ਦੋ ਫਸਲਾਂ (ਖਰੀਫ ਅਤੇ ਰਬੀ) ਦੀ ਖੇਤੀ ਦੀ ਸੰਭਾਵਨਾ ਅਨਿਸ਼ਚਿਤ ਹੋਣ ਕਰਕੇ ਉਹਨਾਂ ਨੇ ਇੱਕੋ ਹੀ ਨਿਸ਼ਚਿਤ ਫਸਲ ਲੈਣ ਦਾ ਫੈਸਲਾ ਕੀਤਾ। ਉਹ ਆਮਦਨੀ ਦੇ ਇਲਾਵਾ, ਆਪਣੇ ਘਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਲਈ ਫਸਲ ਚਾਹੁੰਦੇ ਸਨ। ਇਸ ਲਈ ਉਹਨਾਂ ਨੇ ਬਾਜਰੇ ਦੇ ਨਾਲ, ਕੁੱਝ ਮਾਤਰਾ ਵਿੱਚ ਮੋਠ, ਮੂੰਗ, ਸੋਇਆ, ਟਮਾਟਰ ਅਤੇ ਹਰੇ ਮਟਰ ਵੀ ਬੀਜੇ। ਕਿਸਾਨਾਂ ਨੇ ਮੂੰਗ ਨੂੰ ਬੇਵਡੋ (ਫਸਲੀ ਚੱਕਰ) ਨਾਲ ਜੋੜਿਆ, ਜਿਸਦੇ ਲਈ ਉਹਨਾਂ ਨੇ ਹਵਾਲਾ ਦਿੱਤਾ, "ਖਰੀਫ ਵਿੱਚ

ਇਸਦੀ ਬਿਜਾਈ ਨਾਲ ਰਬੀ ਦੀ ਜਵਾਰ ਦੀ ਫਸਲ ਦਾ ਝਾੜ ਵਧ ਜਾਂਦਾ ਹੈ।" ਕੁੱਝ ਕਿਸਾਨਾਂ ਨੇ ਕਪਾਰ ਅਤੇ ਸੂਰਜ ਭੰਗ ਦੀ ਖੇਤੀ ਦਾ ਤਜ਼ਰਬਾ ਕੀਤਾ। ਇੱਕ ਕਿਸਾਨ ਨੇ ਮਿੱਟੀ ਦੀ ਪਾਣੀ ਨੂੰ ਪਕੜ ਕੇ ਰੱਖਣ ਦੀ ਸ਼ਕਤੀ ਨੂੰ ਵਧਾਉਣ ਦੇ ਲਈ ਸੂਰਜ ਭੰਗ ਦਾ ਪ੍ਰਯੋਗ ਹਰੀ ਖਾਦ ਦੇ ਤੌਰ ਤੇ ਕੀਤਾ। ਉਸਦੇ ਅਨੁਸਾਰ, ਸਮੇਂ ਤੇ ਬਾਰਿਸ਼ ਦੀ ਕਮੀ ਦੇ ਚੱਲਦਿਆਂ ਇਹ ਮਲਚਿੰਗ ਲਈ ਤਿਆਰ ਨਹੀਂ ਸੀ, ਸੋ ਉਸਨੇ ਇਸਨੂੰ ਬੀਜ ਲਈ ਉਗਾਇਆ।

ਰਬੀ 2012 ਵਿੱਚ, ਜਵਾਰ ਸਿਰਫ ਘਰੇਲੂ ਖਪਤ ਲਈ ਉਗਾਈ ਗਈ, ਕਿਉਂਕਿ ਘੱਟ ਪਾਣੀ ਉਪਲਬਧ ਸੀ। 2012 ਵਿੱਚ ਜਵਾਰ ਨੇ ਕਿਸਾਨਾਂ ਨੂੰ ਉਹਨਾਂ ਦੇ ਖਾਣ ਦੇ ਲਈ ਭੋਜਨ ਅਤੇ ਪਸ਼ੂਆਂ ਲਈ ਚਾਰਾ ਉਪਲਬਧ ਕਰਵਾਇਆ। ਕਿਸਾਨਾਂ ਦਾ ਕਹਿਣਾ ਸੀ, "ਜੇਕਰ ਬਿਜਾਈ ਤੋਂ ਬਾਅਦ ਸਿਰਫ ਇੱਕ ਬਾਰਿਸ਼ ਹੋ ਜਾਵੇ ਤਾਂ ਜਵਾਰ ਦਾ ਕੁੱਝ ਝਾੜ ਨਿਕਲਦਾ ਹੈ। ਜੇਕਰ ਬਾਰਿਸ਼ ਨਾ ਹੋਵੇ ਤਾਂ ਝਾੜ ਘਟਦਾ ਹੈ ਪ੍ਰੰਤੂ ਫਿਰ ਵੀ ਇਹ ਚਾਰਾ ਪ੍ਰਦਾਨ ਕਰੇਗੀ।" ਫਸਲ ਦੇ ਨਾੜ ਦਾ ਵੀ ਚੰਗਾ ਬਾਜ਼ਾਰ ਹੈ। ਕਣਕ ਦੇ ਬਾਰੇ ਵਿੱਚ ਗੱਲ ਕਰਦਿਆਂ ਕਿਸਾਨਾਂ ਨੇ ਦੱਸਿਆ, "ਜੇਕਰ ਅਸੀਂ ਸਿਰਫ ਇੱਕ ਵਾਰ ਵੀ ਪਾਣੀ ਨਾ ਦੇ ਪਾਈਏ ਤਾਂ ਕਣਕ ਦਾ ਝਾੜ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ।" ਤਾਪਮਾਨ ਵਿੱਚ ਮਾਮੂਲੀ ਬਦਲਾਅ ਵੀ ਕਣਕ ਦੇ ਉਤਪਾਦਨ ਨੂੰ ਪ੍ਰਭਾਵਿਤ ਕਰਦੇ ਹਨ।

ਕਿਸਾਨਾਂ ਨੇ ਟਮਾਟਰ ਅਤੇ ਪਿਆਜ਼ ਅਧੀਨ ਕਾਫੀ ਵੱਡਾ ਖੇਤਰ ਘਟਾਇਆ ਅਤੇ ਇਹਨਾਂ ਦੀ ਜਗ੍ਹਾ ਜਵਾਰ ਤੋਂ ਇਲਾਵਾ ਦਾਲਾਂ ਅਤੇ ਤੇਲ ਵਾਲੀਆਂ (ਤਿਲਹਨ) ਫਸਲਾਂ ਲਗਾਈਆਂ। ਉਹ ਦੱਸਦੇ ਹਨ ਕਿ ਅਰਹਰ ਨੂੰ ਘੱਟ ਪਾਣੀ ਦੀ ਲੋੜ ਪੈਂਦੀ ਹੈ, ਉਚ ਬਾਜ਼ਾਰ ਮੁੱਲ ਹੈ ਅਤੇ ਇਸਦੇ ਬਾਕੀ ਹਿੱਸੇ ਨੂੰ ਚਾਰੇ ਦੇ ਰੂਪ ਵਿੱਚ ਇਸਤੇਮਾਲ ਕੀਤਾ ਜਾ ਸਕਦਾ ਹੈ। ਕੁੱਝ ਕਿਸਾਨ ਦੱਸਦੇ ਹਨ ਕਿ ਅਰਹਰ ਉਚ ਤਾਪਮਾਨ ਵਿੱਚ ਲਾਭਕਾਰੀ ਫਸਲ ਹੈ ਅਤੇ ਕੀੜਿਆਂ ਦਾ ਹਮਲਾ ਵੀ ਘੱਟ ਹੁੰਦਾ ਹੈ। ਛੋਲਿਆਂ ਦੀ ਖੇਤੀ ਕੇਵਲ ਘਰੇਲੂ ਖਪਤ ਲਈ ਲਗਭਗ ਅੱਠ ਹੈਕਟੇਅਰ ਵਿੱਚ ਕੀਤੀ ਜਾਂਦੀ ਹੈ। ਇਸ ਲਈ ਵੀ ਘੱਟ ਪਾਣੀ ਦੀ ਲੋੜ ਪੈਂਦੀ ਹੈ। ਜਿੱਥੇ ਕਣਕ ਲਈ 7 ਤੋਂ 8 ਪਾਣੀਆਂ ਦੀ ਲੋੜ ਪੈਂਦੀ ਹੈ, ਉੱਥੇ ਛੋਲਿਆਂ ਦੇ ਵਧੀਆ ਝਾੜ ਲਈ 1 ਤੋਂ 2 ਪਾਣੀਆਂ ਦੀ ਲੋੜ ਪੈਂਦੀ ਹੈ। ਪਿਆਜ਼ ਅਤੇ ਟਮਾਟਰ ਦੇ ਇਲਾਵਾ ਬੰਦ ਗੋਭੀ, ਭਿੰਡੀ ਅਤੇ ਮਿਰਚਾਂ ਵੀ ਛੋਟੇ ਖੇਤਰ ਵਿੱਚ ਲਗਾਈਆਂ ਗਈਆਂ। ਇਹ ਘਰੇਲੂ ਜ਼ਰੂਰਤ ਪੂਰੀ ਕਰਨ ਦੇ ਨਾਲ ਨਾਲ ਬਾਜ਼ਾਰ ਵਿੱਚ ਵੇਚਣ ਲਈ ਵੀ ਸਨ।

| ਫਸਲ | ਕਿਸਾਨ (ਨੰਬਰ) | ਖੇਤਰ (ਹੈਕਟੇਅਰ) | ਕੁੱਲ ਉਤਪਾਦਨ (ਕਿ.ਗ੍ਰਾ.) | ਘਰੇਲੂ ਖਪਤ ਅਤੇ ਬੀਜ ਦੇ ਤੌਰ ਤੇ ਰੱਖਿਆ (ਕਿ.ਗ੍ਰਾ.) | ਮੰਡੀਕਰਨ (ਕਿ.ਗ੍ਰਾ.) |
|---|---|---|---|---|---|
| **ਅਨਾਜ** | | | | | |
| ਬਾਜਰਾ | 13 | 1.58 | 5800 | 5800 | 0 |
| ਜਵਾਰ | 14 | 2.04 | 440 | 440 | 0 |
| ਕਣਕ | 5 | 0.88 | 400 | 400 | 0 |
| **ਦਲਹਨ ਅਤੇ ਤਿਲਹਨ** | | | | | |
| ਮੋਠ | 4 | 0.60 | 25 | 25 | 0 |
| ਮੂੰਗ | 5 | 0.50 | 400 | 200 | 200 |
| ਸੋਇਆਬੀਨ | 1 | 0.10 | 80 | 0 | 80 |
| ਅਰਹਰ | 18 | 3.63 | 3370 | 860 | 2510 |
| ਮੂੰਗਫਲੀ | 3 | 1.45 | 200 (ਦਾਣੇ) | 200 | 0 |
| ਛੋਲੇ | 5 | 1.09 | 175 | 175 | 0 |
| **ਨਕਦੀ ਫਸਲਾਂ ਅਤੇ ਸਬਜ਼ੀਆਂ** | | | | | |
| ਬੰਦ ਗੋਬੀ | 1 | 0.29 | 100 | 10 | 90 |
| ਭਿੰਡੀ | 4 | 0.10 | 200 | 5 | 195 |
| ਪਿਆਜ਼ | 11 | 1.83 | 2100 | 340 | 1760 |
| ਟਮਾਟਰ | 10 | 2.33 | 44400 | 100 | 44300 |
| ਹਰੇ ਮਟਰ | 3 | 0.40 | 125 | 0 | 125 |
| ਮਿਰਚ | 9 | 0.90 | 310 | 60 | 250 |
| ਕਪਾਹ | 5 | 0.89 | 1280 | 0 | 1280 |
| ਸੁਰਜ ਭੰਗ | 1 | 0.19 | 400 | 25 | 375 |

ਗਰਮੀ ਦੀਆਂ ਫਸਲਾਂ ਤੋਂ ਹੋਣ ਵਾਲੀ ਵਧੀਆ ਆਮਦਨ ਨੇ ਕੁੱਝ ਪ੍ਰਗਤੀਸ਼ੀਲ ਕਿਸਾਨਾਂ ਨੂੰ ਆਕ੍ਰਸ਼ਿਤ ਕੀਤਾ। ਕੁੱਝ ਹੋਰ ਕਿਸਾਨਾਂ ਨੇ ਉਹਨਾਂ ਦਾ ਅਨੁਸਰਣ ਕੀਤਾ। ਹਾਲਾਂਕਿ, ਪਿਆਜ਼ ਅਤੇ ਟਮਾਟਰ ਬਹੁਤ ਜ਼ਿਆਦਾ ਪਾਣੀ ਦੀ ਮੰਗ ਕਰਨ ਵਾਲੀਆਂ ਫਸਲਾਂ ਸਨ, ਸੋ ਇਹਨਾਂ ਅਧੀਨ ਖੇਤਰ ਘੱਟ ਸੀ। ਇਸਦੀ ਬਜਾਏ ਉਹਨਾਂ ਨੇ ਚਾਰਾ ਅਤੇ ਮੱਕੀ, ਗਾਜਰ ਅਤੇ ਗੰਨਾ ਬੀਜਿਆ। ਮੱਕੀ ਅਧੀਨ ਖੇਤਰ 10 ਹੈਕਟੇਅਰ ਤੋਂ ਵਧ ਕੇ 23 ਹੈਕਟੇਅਰ ਹੋ ਗਿਆ। ਬਾਗਬਾਨੀ, ਜੋ ਕਿ ਵਾਟਰਸ਼ੈਡ ਵਿਕਾਸ ਪ੍ਰੋਗਰਾਮ ਤੋਂ ਪਹਿਲਾ ਬਿਲਕੁਲ ਹੀ ਨਦਾਰਦ ਸੀ, ਸ਼ੁਰੂ ਕੀਤੀ ਗਈ।

ਅਨਾਰ ਦੀ ਖੇਤੀ ਅਧੀਨ ਖੇਤਰ ਵਿੱਚ ਘੱਟ ਬਾਰਿਸ਼ ਦੇ ਬਾਵਜੂਦ 2012 ਵਿੱਚ 10 ਹੈਕਟੇਅਰ ਦਾ ਵਾਧਾ ਹੋਇਆ। ਕਾਰਨ ਇਹ ਪਾਇਆ ਗਿਆ ਕਿ ਬਾਜ਼ਾਰ ਵਿੱਚ ਇਸਦੀ ਜ਼ਿਆਦਾ ਮੰਗ ਦੇ ਇਲਾਵਾ, ਜਦ ਡ੍ਰਿਪ ਸਿੰਚਾਈ ਕੀਤੀ ਜਾਂਦੀ ਹੈ, ਇਹ ਘੱਟ ਪਾਣੀ ਮੰਗਦਾ ਹੈ ਅਤੇ ਤਾਪਮਾਨ ਪ੍ਰਤਿ ਜ਼ਿਆਦਾ ਸਹਿਣਸ਼ੀਲ ਹੈ। ਇਸਦੇ ਇਲਾਵਾ, ਇਸਦੇ ਲਈ ਦੂਜੀਆਂ ਫਸਲਾਂ ਦੇ ਮੁਕਾਬਲੇ ਘੱਟ ਮਜ਼ਦੂਰੀ ਦੀ ਲੋੜ ਪੈਂਦੀ ਹੈ ਜੋ ਕਿ ਕਿਸਾਨਾਂ ਲਈ ਬਹੁਤ ਮਹੱਤਵਪੂਰਨ ਹੈ। ਅੰਬਾਂ ਦੀ ਖੇਤੀ 0.33 ਹੈਕਟੇਅਰ ਉੱਪਰ ਕੀਤੀ ਗਈ। 3 ਕਿਸਾਨਾਂ ਦਰਮਿਆਨ, ਜਿੰਨਾਂ ਨੇ ਬਾਗਬਾਨੀ ਅਤੇ ਗਰਮੀਆਂ ਵਿੱਚ ਖੇਤੀ ਕੀਤੀ,ਮਾਰਚ-ਮਈ 2012 ਦੌਰਾਨ ਉਹਨਾਂ ਨੇ ਕੁੱਲ 80,000 ਰੁਪਏ ਦਾ ਨਿਵੇਸ਼ ਅਨਾਰ ਦੇ ਪੌਦਿਆਂ ਲਈ ਪਾਣੀ (50 ਟੈਂਕਰ) ਪ੍ਰਾਪਤ ਕਰਨ ਲਈ ਕੀਤਾ।

ਪਿੰਡ ਵਿੱਚ ਪਸ਼ੂਆਂ ਦੀ ਆਬਾਦੀ 156 ਹੈ ਜਿਸ ਵਿੱਚ ਦੋਗਲੀਆਂ ਗਾਵਾਂ ਵੀ ਸ਼ਾਮਿਲ ਹਨ ਅਤੇ ਪ੍ਰਤਿ ਦਿਨ ਦੁੱਧ ਦਾ ਉਤਪਾਦਨ ਔਸਤ 500 ਲਿਟਰ ਹੈ। ਇਹਨਾਂ ਗਰਮੀਆਂ ਵਿੱਚ, ਸੋਕੇ ਦੀਆਂ ਪਰਿਸਥਿਤੀਆਂ ਵਿੱਚ, ਉਤਪਾਦਨ ਘਟ ਕੇ ਲਗਭਗ 350 ਲਿਟਰ ਪ੍ਰਤਿ ਦਿਨ ਰਹਿ ਗਿਆ। ਜਿਵੇਂ ਕਿ ਕਿਸਾਨ ਮੰਨਦੇ ਹਨ ਕਿ ਉੱਚ ਤਾਪਮਾਨ ਵਿੱਚ ਦੁੱਧ ਦਾ ਉਤਪਾਦਨ ਘਟ ਜਾਂਦਾ ਹੈ, ਉਹ ਗਊਆਂ ਨੂੰ ਠੰਡਾ ਰੱਖਣ ਲਈ ਉਹਨਾਂ ਨੂੰ ਵਾਰ-ਵਾਰ ਨਹਿਲਾਉਂਦੇ ਹਨ ਜਿਸ ਨਾਲ ਕਿ ਦੁੱਧ ਉਤਪਾਦਨ ਵਿੱਚ ਵਾਧੇ ਲਈ ਮੱਦਦ ਮਿਲਦੀ ਹੈ। ਪਸ਼ੂਆਂ ਦੇ ਚਾਰੇ ਦੀ ਜਰੂਰਤ ਪੂਰੀ ਕਰਨ ਲਈ ਮੱਕੀ ਅਤੇ ਜਵਾਰ ਦੀ ਇੱਕ ਸਥਾਨਕ ਕਿਸਮ ਕਡਾਵਲ ਉਗਾਈ ਜਾਂਦੀ ਹੈ ਜਿਸ ਨੂੰ ਕਿ ਪਾਣੀ ਦੀ ਬਹੁਤ ਘੱਟ ਜਰੂਰਤ ਪੈਂਦੀ ਹੈ। ਕਿਸਾਨਾਂ ਨੇ ਪਸ਼ੂਆਂ ਨੂੰ ਗੰਨੇ ਅਤੇ ਗਾਜਰ ਦੇ ਡੰਡਲ ਖਵਾਉਣੇ ਵੀ ਸ਼ੁਰੂਕੀਤੇ ਹਨ ਜਿਸ ਬਾਰੇ ਉਹਨਾਂ ਦਾ ਮੰਨਣਾ ਹੈ ਕਿ ਉਹਨਾਂ ਕਰਕੇ ਦੁੱਧ ਦਾ ਉਤਪਾਦਨ ਵਧਦਾ ਹੈ।

ਜੈਵ ਵਿਭਿੰਨਤਾ ਵਿਭਿੰਨ ਪ੍ਰਕਾਰ ਦੀਆਂ ਜਰੂਰਤਾਂ ਪੂਰੀਆਂ ਕਰਦੀ ਹੈ। ਉਤਪਾਦਨ ਵਿੱਚ ਅਨਿਸ਼ਚਿਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਪਹਿਲ ਘਰ ਦੀ ਖਾਧ ਸੁਰੱਖਿਆ ਨੂੰ ਦਿੱਤੀ ਗਈ ਹੈ। ਅਨਾਜ ਦੀ ਖੇਤੀ ਕਰਨ ਵਾਲੇ ਸਾਰੇ ਕਿਸਾਨ ਇਹ ਪੂਰੀ ਤਰ੍ਹਾ ਆਪਣੀ ਘਰੇਲੂਖਪਤ ਲਈ ਕਰਦੇ ਹਨ। ਜੋ ਦਾਲਾਂ ਜਿਵੇਂ ਅਰਹਰ ਅਤੇ ਮੋਠ ਉਗਾਉਂਦੇ ਹਨ ਆਪਣੀ ਘਰੇਲੂ ਖਪਤ ਲਈ ਪ੍ਰਯੋਗ ਕਰਦੇ ਹਨ ਅਤੇ ਜੋ ਥੋੜ੍ਹਾ ਬਹੁਤ ਵਾਧੂਹੁੰਦਾ ਹੈ ਉਹ ਬਾਜ਼ਾਰ ਵਿੱਚ ਵੇਚਦੇ ਹਨ। ਸੋਇਆਬੀਨ ਦਾ ਸਾਰਾ ਉਤਪਾਦਨ ਬਾਜ਼ਾਰ ਲਈ ਕੀਤਾ ਜਾਂਦਾ ਹੈ ਜਦੋਂ ਕਿ ਮੂੰਗਫਲੀ ਦਾ ਉਤਪਾਦਨ ਸਿਰਫ ਘਰੇਲੂਖਪਤ ਲਈ ਕੀਤਾ ਜਾਂਦਾ ਹੈ।

ਜਿੰਨ੍ਹਾਂ ਕਿਸਾਨਾਂ ਨੇ ਸਾਲ 2012 ਵਿੱਚ ਸਬਜੀਆਂ ਜਾਂ ਖਾਣ ਯੋਗ ਨਕਦੀ ਫਸਲਾਂ ਦੀ ਖੇਤੀ ਕੀਤੀ, ਨੇ ਆਪਣੇ ਘਰੇਲੂਉਪਭੋਗ ਲਈ ਜਰੂਰੀ ਮਾਤਰਾ ਬਣਾਏ ਰੱਖੀ। ਸੂਰਜ ਭੰਗ ਦੇ ਬੀਜ ਵੇਚਣ ਨਾਲ ਕੁੱਝ ਆਮਦਨ ਮਿਲੀ, ਜਿੰਨਾਂ ਕਿਸਾਨਾਂ ਨੇ ਤਜ਼ਰਬੇ ਦੇ ਤੌਰ ਤੇ ਕਪਾਹ ਲਗਾਈ ਸੀ ਉਹਨਾਂ ਨੂੰ ਪ੍ਰਤਿ ਕੁਇੰਟਲ ਲਈ 4000 ਰੁਪਏ ਮਿਲੇ। ਇਸ ਪ੍ਰਕਾਰ ਸੋਕੇ ਦੇ ਇਸ ਸਾਲ ਦੌਰਾਨ ਵੀ ਉਹਨਾਂ ਲਈ ਖਾਧ ਅਤੇ ਪੋਸ਼ਣ ਸੁਰੱਖਿਆ ਨਿਸ਼ਚਿਤ ਹੋਣ ਦੇ ਨਾਲ ਹੀ ਆਮਦਨ ਵੀ ਪੱਕੀ ਕੀਤੀ। (ਦੇਖੋ ਟੇਬਲ 1)

## ਸਿੱਟੇ

ਵਾਟਰਸ਼ੈਡ ਵਿਕਾਸ ਪ੍ਰੋਗਰਾਮ ਤੋਂ ਬਾਅਦ ਪਾਣੀ ਦੀ ਉਪਲਬਧਤਾ ਨੇ ਕਿਸਾਨਾਂ ਦੇ ਆਤਮ ਵਿਸ਼ਵਾਸ ਵਿੱਚ ਵਾਧਾ ਕੀਤਾ ਹੈ ਅਤੇ ਉਹਨਾਂ ਨੂੰ ਆਪਣੀਆਂ ਜਰੂਰਤਾਂ ਨੂੰ ਪੂਰਾ ਕਰਨ ਲਈ ਵਿਵੇਕਪੂਰਨ ਤਰੀਕੇ ਨਾਲ ਸਰੋਤਾਂ ਦਾ ਇਸਤੇਮਾਲ ਕਰਕੇ ਤਜ਼ਰਬੇ ਕਰਨ ਲਈ ਪ੍ਰੋਤਸ਼ਾਹਿਤ ਕੀਤਾ ਹੈ। ਸੋਕੇ ਵਾਲੇ ਸਾਲ ਵਿੱਚ ਵੀ, ਕਿਸਾਨ ਪ੍ਰੰਪਰਿਕ ਫਸਲਾਂ ਵੱਲ ਹੀ ਮੁੜੇ। ਭੋਜਨ ਸੁਰੱਖਿਆ ਅਤੇ ਘਰ ਦੀਆਂ ਜਰੂਰਤਾਂ (ਚਾਰਾ) ਆਦਿ ਨੂੰ ਪਹਿਲ ਦਿੱਤੀ ਗਈ ਜਦੋਂਕਿ ਆਮਦਨ ਦੀਆਂ ਜ਼ਰੂਰਤਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਗਿਆ।

ਵਾਟਰਸ਼ੈਡ ਵਿਕਾਸ ਨੇ ਪਾਣੀ ਦੀ ਉਪਲਬਧਤਾ ਅਤੇ ਜਮੀਨ ਦੀ ਉਤਪਾਦਕਤਾ ਵਧਾਉਣ ਦੇ ਨਾਲ ਹੀ ਕਿਸਾਨਾਂ ਦੀ ਜੋਖ਼ਿਮ ਲੈਣ ਦੀ ਸਮਰੱਥਾ ਨੂੰ ਵਧਾਉਣ ਵਿੱਚ ਵੀ ਯੋਗਦਾਨ ਦਿੱਤਾ ਹੈ। ਖੁੰਬਰਵਾੜੀ ਦੇ ਕਿਸਾਨਾਂ ਦੀ ਸੋਕੇ ਦੌਰਾਨ ਵੀ ਸਿੱਖਣ ਅਤੇ ਤਜ਼ਰਬੇ ਕਰਨ ਦੀ ਉਤਸੁਕਤਾ ਉਹਨਾਂ ਦੀ ਗਣਨਾਤਮਕ ਫੈਸਲੇ ਲੈਣ ਦੀ ਯੋਗਤਾ ਦਿਖਾਉਂਦੀ ਹੈ। ਜਦੋਂ ਟਿਕਾਊ ਖੇਤੀ ਤਕਨੀਕਾਂ ਬਾਰੇ ਜਾਣਕਾਰੀ ਅਤੇ ਮਾਰਗਦਰਸ਼ਨ ਦਿੱਤਾ ਗਿਆ ਤਾਂ ਇਸਨੇ ਕਿਸਾਨਾਂ ਵਿੱਚ ਚਰਮ ਦੀਆਂ ਮੌਸਮੀ ਪਰਿਸਥਿਤੀਆਂ ਦਾ ਸਾਹਮਣਾ ਕਰਨ ਅਤੇ ਜਲਵਾਯੂਪਰਿਵਰਤਨ ਦੇ ਅਨਕੂਲ ਢਲਣ ਲਈ ਬਹੁਤ ਵੱਡਾ ਯੋਗਦਾਨ ਦਿੱਤਾ।

## ਪ੍ਰਵਾਨਗੀਆਂ

ਅਸੀਂ ਖੁਬਰਵਾੜੀ ਦੇ ਕਿਸਾਨਾਂ ਦਾ ਧੰਨਵਾਦ ਕਰਦੇ ਹਾਂ ਕਿ ਉਹਨਾਂ ਨੇ ਆਪਣਾਂ ਕੀਮਤੀ ਸਮਾਂ ਦਿੱਤਾ ਅਤੇ ਆਪਣੇ ਤਜ਼ਰਬੇ ਅਤੇ ਟਿੱਪਣੀਆਂ ਸਾਡੇ ਨਾਲ ਸਾਂਝੀਆਂ ਕੀਤੀਆਂ ਅਤੇ ਅਸੀਂ ਆਪਣੇ ਸਾਥੀਆਂ, ਯੋਗੇਸ਼ ਸ਼ਿੰਦੇ, ਅਦਿਤੀ ਦੇਵਧਰ, ਵਿਨੀਤ ਰਸਕਰ ਅਤੇ ਥਾਮਸ ਦਾ ਇਸ ਅਧਿਐਨ ਵਿੱਚ ਯੋਗਦਾਨ ਲਈ ਧੰਨਵਾਦ ਕਰਦੇ ਹਾਂ। ਅਸੀਂ ਸਵਿਸ ਏਜੰਸੀ ਫਾਰ ਡਿਵਲਪਮੈਂਟ ਐਂਡ ਕਾਰਪੋਰੇਸ਼ਨ ਦਾ ਇਸ ਅਧਿਐਨ ਲਈ ਸਹਿਯੋਗ ਦੇਣ ਲਈ ਧੰਨਵਾਦ ਕਰਦੇ ਹਾਂ। •

ਈਸ਼ਵਰ ਕਾਲੇ (eshwer.kale@wotr.org.in)
ਵਾਟਰਸ਼ੈਡ ਆਰਗਨਾਈਜੇਸ਼ਨ ਟ੍ਰਸਟ, ਪੁਣੇ ਵਿੱਚ ਸੀਨੀਅਰ ਰਿਸਰਚਰ ਹਨ
ਅਤੇ ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਿਜ,
ਮੁੰਬਈ ਵਿੱਚ ਡਾਕਟਰਲ ਵਿਦਿਆਰਥੀ ਹਨ।

ਡਾ. ਮਾਰਸੇਲਾ ਡਿਸੂਜ਼ਾ (exec.director@wotr.org)
ਵਾਟਰਸ਼ੈਡ ਆਰਗਨਾਈਜੇਸ਼ਨ ਟ੍ਰਸਟ ਦੇ ਕਾਰਜਕਾਰੀ ਨਿਰਦੇਸ਼ਕ ਹਨ।

**Adapting to climate variation**
**LEISA INDIA, Vol-16, No.1, March 2014.**



ਝੋਨੇ ਦੇ ਖੇਤ ਵਿਚ ਮੱਛੀ ਪਾਲਣ

# ਛੋਟੇ ਖੇਤ, ਵੱਡੀਆਂ ਕਮਾਈਆਂ

*ਰੰਜਨ ਕੇ ਪਾਂਡਾ ਅਤੇ ਅਜੀਤ ਕੁਮਾਰ ਪਾਂਡਾ*

ਉੜੀਸਾ ਦੇ ਕੁਦਰਤੀ ਆਫ਼ਤਾਂ ਤੋਂ ਪ੍ਰਭਾਵਿਤ ਇਲਾਕੇ ਦੇ ਛੋਟੇ ਕਿਸਾਨ ਆਪਣੇ ਪਰਿਵਾਰਾਂ ਨੂੰ ਭੋਜਨ ਅਤੇ ਪੋਸ਼ਣ ਸੁਰੱਖਿਆ ਮੁਹੱਈਆਂ ਕਰਵਾਉਣ ਅਤੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨਾਲ ਨਿਪਟਣ ਲਈ ਨਵੇਂ ਢੰਗ ਤਰੀਕੇ ਖੋਜ ਰਹੇ ਹਨ। ਸਬਜ਼ੀਆਂ ਦੀ ਬਗੀਚੀ ਅਤੇ ਝੋਨੇ ਦੀ ਫ਼ਸਲ ਵਿੱਚ ਮੱਛੀ ਪਾਲਣ ਦੀ ਪਹਿਲ ਇਹਨਾਂ ਕਿਸਾਨਾਂ ਦੀਆਂ ਭੋਜਨ, ਪੋਸ਼ਣ ਅਤੇ ਆਰਥਿਕ ਲੋੜਾਂ ਪੂਰੀਆਂ ਕਰ ਰਹੀ ਹੈ।

ਛੋਟੇ ਕਿਸਾਨ, ਜੋ ਕਿ ਪੂਰੇ ਸੰਸਾਰ ਲਈ ਭੋਜਨ ਪੈਦਾ ਕਰਦੇ ਹਨ, ਖੁਦ ਭੁੱਖਮਰੀ ਦਾ ਸ਼ਿਕਾਰ ਹਨ। ਇਹ ਸਿਰਫ਼ ਭੋਜਨ ਹੀ ਨਹੀਂ ਪੈਦਾ ਕਰਦੇ ਸਗੋਂ ਵਾਤਾਵਰਣ ਸਰੰਖਿਅਣ ਵਿੱਚ ਵੀ ਮੱਦਦ ਕਰਦੇ ਹਨ। ਕਈ ਮੁਸ਼ਕਿਲਾਂ ਜਿਵੇਂ ਕਿ ਉੱਚ ਉਤਪਾਦਨ ਲਾਗਤਾਂ, ਘੱਟ ਝਾੜ, ਖੇਤੀ ਵਿਰੋਧੀ ਨੀਤੀਆਂ, ਬਦਲਦਾ ਮੌਸਮ ਆਦਿ ਦੇ ਬਾਵਜੂਦ ਵੀ ਇਹ ਕਿਸਾਨ ਖੇਤੀ ਨਹੀ ਛੱਡਦੇ।

ਉੜੀਸਾ ਦੇ ਕਿਸਾਨਾਂ ਨੂੰ ਲਗਾਤਾਰ ਕਈ ਤਰ੍ਹਾਂ ਦੀਆਂ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਕ ਪਾਸੇ ਕਈ ਜ਼ਿਲ੍ਹੇ ਜਿਵੇਂ ਕਿ ਨੁਆਪਾਡਾ ਵਿੱਚ ਸੋਕੇ ਦੀ ਮਾਰ ਪੈਂਦੀ ਹੈ ਤਾਂ ਦੂਜੇ ਪਾਸੇ ਕਈ ਜ਼ਿਲ੍ਹਿਆਂ ਜਿਵੇਂ ਕੇਂਦਰਾਪਾਡਾ ਵਿੱਚ ਹੜ੍ਹ ਤਬਾਹੀ ਮਚਾਈ ਰੱਖਦੇ ਹਨ। ਇੱਥੋਂ ਦੇ ਕਿਸਾਨ ਇਹਨਾਂ ਮੁਸੀਬਤਾਂ ਦੇ ਕਹਿਰ ਤੋਂ ਬਚਣ ਲਈ ਘਰੇਲੂ ਬਗੀਚੀ ਅਤੇ ਏਕੀਕ੍ਰਿਤ ਖੇਤੀ ਵੱਲ ਕਦਮ ਵਧਾ ਰਹੇ ਹਨ। ਇਸ ਲੇਖ ਵਿੱਚ ਵੀ ਇਹੀ ਦਰਸਾਇਆ ਗਿਆ ਹੈ ਕਿ ਕਿਵੇਂ ਇਸ ਤਰ੍ਹਾ ਦੀ ਪਹਿਲ ਦੋ ਵੱਖਰੇ ਇਲਾਕਿਆਂ ਵਿੱਚ ਇਹਨਾਂ ਕਿਸਾਨਾਂ ਦੀ ਜਿੰਦਗੀ ਵਿੱਚ ਉਮੀਦ ਦੀ ਕਿਰਨ ਪੈਦਾ ਕਰ ਰਹੀ ਹੈ।

### ਸਬਜ਼ੀਆਂ ਰਾਹੀ ਸੋਕੇ ਦਾ ਸਾਹਮਣਾ

ਬਾਨਾਮਾਲੀ ਬੇਹੇਰਾ, ਨੁਆਪਾਡਾ ਜ਼ਿਲ੍ਹੇ ਦੀ ਖਾਰਿਆਰ ਤਹਿਸੀਲ ਦੇ ਪਿੰਡ ਦੋਹੇਲਪਾਡਾ ਵਿੱਚ 2 ਏਕੜ ਦੀ ਖੇਤੀ ਦਾ ਮਾਲਿਕ ਹੈ। ਉਹ ਅੱਧੇ ਏਕੜ ਵਿੱਚ ਪੂਰਾ ਸਾਲ ਸਬਜ਼ੀਆਂ ਬੀਜਦਾ ਹੈ। ਇਹਨਾਂ ਸਬਜ਼ੀਆਂ ਨੂੰ ਪਾਣੀ ਇੱਕ ਖੂਹ ਵਿੱਚੋਂ ਲਗਾਇਆ ਜਾਂਦਾ ਹੈ ਅਤੇ ਇਸਦੇ ਲਈ ਉਹ ਇੱਕ ਰਵਾਇਤੀ ਸੰਦ ਟੇਂਡਾ ਦੀ ਵਰਤੋ ਕਰਦਾ ਹੈ। ਪਰਿਵਾਰ ਦੇ ਸਾਰੇ ਮੈਂਬਰ ਖੇਤ ਵਿੱਚ ਕੰਮ ਕਰਦੇ ਹਨ ਅਤੇ ਹਰ ਦਿਨ ਦੀ ਦੋ ਘੰਟੇ ਦੀ ਮਿਹਨਤ ਪਰਿਵਾਰ



**ਬਾਨਾਮਾਲੀ ਆਪਣੀ ਘਰੇਲੂ ਬਗੀਚੀ ਵਿਚ**

ਦੀ ਲੋੜ ਅਤੇ ਵੇਚਣ ਦੇ ਲਈ ਲੋੜੀਂਦਾ ਸਬਜੀਆਂ ਮੁਹੱਈਆ ਕਰਵਾ ਦਿੰਦੀ ਹੈ। ਬਾਨਾਮਾਲੀ ਦੱਸਦੇ ਹਨ, "ਹਰ ਰੋਜ਼ ਇੱਕ ਘੰਟਾ ਖੇਤ ਦੀ ਸਿੰਚਾਈ ਲਈ ਅਤੇ ਬਾਕੀ ਘੰਟਾ ਗੁਡਾਈ ਆਦਿ ਕੰਮਾਂ ਲਈ ਚਾਹੀਦਾ ਹੈ।" ਅੱਗੇ ਉਹਨਾਂ ਦੀ ਪਤਨੀ ਸੰਯੁਕਤਾ ਜੋੜਦੀ ਹੈ, " ਜ਼ਮੀਨ ਮਿਹਨਤ ਦੀ ਭਰਪਾਈ ਕਰ ਦਿੰਦੀ ਹੈ। ਜਿੰਨੀ ਜ਼ਿਆਦਾ ਮਿਹਨਤ, ਓਨੀ ਜ਼ਿਆਦਾ ਕਮਾਈ। ਇਸ ਖੇਤੀ ਦੀ ਬਦੌਲਤ ਹੀ ਅੱਜ ਪਰਿਵਾਰ ਦੀਆਂ ਸਬਜ਼ੀਆਂ ਦੀ ਜਰੂਰਤ ਪੂਰੀ ਹੋਣ ਤੋਂ ਇਲਾਵਾ ਅੱਧੇ ਤੋਂ ਜ਼ਿਆਦਾ ਉਤਪਾਦਨ ਵੇਚ ਕੇ ਵਧੀਆ ਕਮਾਈ ਵੀ ਹੋ ਜਾਂਦੀ ਹੈ।"

ਬਾਨਾਮਾਲੀ ਦੀ ਤਰ੍ਹਾਂ, ਪਿੰਡ ਵਿੱਚ 30 ਦੇ ਕਰੀਬ ਹੋਰ ਵੀ ਛੋਟੇ ਕਿਸਾਨ ਘਰੇਲੂ ਬਗੀਚੀ ਵਿੱਚ ਸਬਜ਼ੀਆਂ ਦਾ ਉਤਪਾਦਨ ਕਰਕੇ ਆਪਣੇ ਪਰਿਵਾਰ ਦੀਆਂ ਭੋਜਨ, ਪੋਸ਼ਣ ਅਤੇ ਕਮਾਈ ਦੀਆਂ ਜ਼ਰੂਰਤਾਂ ਪੂਰੀਆਂ ਕਰ ਰਹੇ ਹਨ। ਅਸ਼ੋਕ ਪਟਨਾਇਕ, ਜੋ ਕਿ ਸੋਕੇ ਦਾ ਮੁਕਾਬਲਾ ਕਰਨ ਵਿੱਚ ਕਿਸਾਨਾਂ ਦਾ ਸਹਿਯੋਗ ਕਰਨ ਵਾਲੀਆਂ ਦੋ ਸੰਸਥਾਂਵਾਂ ਕਰਬਿਆ ਅਤੇ ਵਿਕਾਸ ਨਾਲ ਸਵੈ-ਸੇਵਕ ਦੇ ਤੌਰ 'ਤੇ ਜੁੜੇ ਹਨ, ਦਾ ਕਹਿਣਾ ਹੈ, " ਇਹ ਪਿੰਡ ਇਸ ਇਲਾਕੇ ਵਿੱਚ ਇੱਕ ਉਦਾਹਰਣ ਸਾਬਿਤ ਹੋਇਆ ਹੈ।" ਕੁੱਝ ਇਸ ਤਰ੍ਹਾ ਦਾ ਹੀ ਕਿੱਸਾ ਹੈ ਨਾਲ ਦੇ ਪਿੰਡ ਮੋਡੋਸਿਲ ਦਾ ਵੀ।

ਇਹਨਾਂ ਪਿੰਡਾਂ ਵਿੱਚ ਮੀਂਹ 'ਤੇ ਨਿਰਭਰ ਝੋਨੇ ਦੀ ਖੇਤੀ ਬੜੀ ਹੀ ਅਸਥਿਰ ਹੋਣ ਕਰਕੇ ਇੱਥੋਂ ਦੇ ਲੋਕ ਆਪਣੀ ਰੋਜ਼ੀ-ਰੋਟੀ ਲਈ ਆਂਧਰਾ ਪ੍ਰਦੇਸ਼ ਜਾਂ ਹੋਰ ਇਲਾਕਿਆਂ ਵਿੱਚ ਪਲਾਇਨ ਕਰਦੇ ਸਨ। ਦਿਨੋਂ-ਦਿਨ ਸੋਕੇ ਅਤੇ ਫ਼ਸਲਾਂ ਦੀ ਮਾਰ ਕਾਰਨ, ਪਲਾਇਨ ਇੱਕ ਆਮ ਗੱਲ ਹੋ ਗਈ ਸੀ। ਪਰ ਸਬਜ਼ੀਆਂ ਦੀ ਖੇਤੀ ਨੇ ਇਸ ਸਿਲਸਿਲੇ ਨੂੰ ਠੱਲ੍ਹ ਪਾ ਦਿੱਤੀ। ਦੋ ਗੈਰ ਸਰਕਾਰੀ ਸੰਸਥਾਵਾਂ ਇਹਨਾਂ ਲੋਕਾਂ ਨੂੰ ਉਚਿਤ ਸਰਕਾਰੀ ਨੀਤੀਆਂ ਨਾਲ ਜੋੜ ਕੇ ਕਾਫ਼ੀ ਮੱਦਦ ਕਰ ਰਹੀਆਂ ਹਨ।

## ਕਿਸਮਤ ਦੇ ਤਾਲਾਬ

ਇਸੇ ਜ਼ਿਲ੍ਹੇ ਦੀ ਤਹਿਸੀਲ ਬੌਡੇਨ ਵਿੱਚ ਪਿੰਡ ਕੁਸੁਮਖੁੰਤਾ ਦੇ ਵਸਨੀਕ ਸ਼ਤਰ ਮਾਝੀ ਅਤੇ ਉਜਲ ਮਾਝੀ ਦੀਆਂ ਕਹਾਣੀਆਂ ਵੀ ਕਾਫ਼ੀ ਰੁਮਾਂਚਕ ਹਨ। ਇਹ ਦੋਵੇਂ ਮੱਧਮ ਦਰਜੇ ਦੇ ਕਿਸਾਨ ਆਪਣੀ ਰੋਜ਼ੀ-ਰੋਟੀ ਲਈ ਮਜ਼ਦੂਰੀ 'ਤੇ ਨਿਰਭਰ ਹਨ ਅਤੇ ਬਹੁਤ ਹੀ ਥੋੜ੍ਹੀ ਜ਼ਮੀਨ ਦੇ ਮਾਲਕ ਹਨ। ਉਹਨਾਂ ਦੀ ਇਹ ਥੋੜ੍ਹੀ ਜਿਹੀ ਜ਼ਮੀਨ, ਜੋ ਕਿ ਵਰਖਾ ਆਧਾਰਿਤ ਹੈ, ਉਹਨਾਂ ਦੀਆਂ ਰੋਜ਼ਾਨਾ ਖੁਰਾਕ ਦੀਆਂ ਜ਼ਰੂਰਤਾਂ ਵੀ ਪੂਰੀਆਂ ਨਹੀ ਕਰ ਸਕਦੀ। ਪਰ ਇੱਕ ਸਾਲ ਪਹਿਲਾਂ ਜਦੋਂ ਸਰਕਾਰੀ ਰੁਜ਼ਗਾਰ ਸਕੀਮ ਮਨਰੇਗਾ ਤਹਿਤ ਤਲਾਬ (ਛੱਪੜ) ਪੁੱਟਣ ਦਾ ਕੰਮ ਮਿਲਿਆ ਤਾਂ ਸਭ ਕੁੱਝ ਹੀ ਬਦਲ ਗਿਆ। ਇਹਨਾਂ ਨੂੰ ਖੇਤਾਂ ਵਿੱਚ ਤਲਾਬ ਬਣਾਉਣ ਦੀ ਸਕੀਮ ਤਹਿਤ 20 ਹਜਾਰ ਰੁਪਏ ਦੀ ਆਰਥਿਕ ਸਹਾਇਤਾ ਮਿਲੀ।

> ਪਰਿਵਾਰ ਦੀਆਂ ਖੁਰਾਕ ਦੀਆਂ ਜ਼ਰੂਰਤਾਂ ਤੋਂ ਇਲਾਵਾ ਏਕੀਕ੍ਰਿਤ ਖੇਤੀ ਮਾਡਲ ਤਹਿਤ ਕਿਸਾਨਾਂ ਦੀ ਆਰਥਿਕ ਸਥਿਤੀ ਵਿੱਚ ਵੀ ਸੁਧਾਰ ਆਇਆ ਹੈ।"

ਸਮਾਨ ਦੇ ਅਤੇ ਸਮੂਹਿਕ ਖਰਚੇ ਕੱਟਣ ਤੋਂ ਬਾਅਦ ਇਸ 20 ਹਜ਼ਾਰ ਵਿੱਚੋਂ ਸ਼ਤਰ ਅਤੇ ਉਜਲ ਨੂੰ 15 ਅਤੇ 14 ਹਜ਼ਾਰ ਰੁਪਏ ਮਿਲੇ। ਸ਼ਤਰ ਨੇ ਆਪਣੀ 70 ਡੈਸੀਮਲ ਜਮੀਨ ਵਿੱਚੋਂ 4 ਡੈਸੀਮਲ 'ਤੇ ਤਲਾਬ ਬਣਾਇਆ ਅਤੇ ਪੂਰੇ ਪਲਾਟ 'ਤੇ ਵਾੜ ਲਗਾ ਕੇ ਸਬਜ਼ੀਆਂ ਬੀਜੀਆਂ। ਉਸਨੇ 45 ਡੈਸੀਮਲ ਵਿੱਚ ਪਿਆਜ਼, 10 ਡੈਸੀਮਲ ਵਿੱਚ ਟਮਾਟਰ ਅਤੇ ਤਲਾਬ ਦੇ ਕਿਨਾਰੇ ਭਿੰਡੀ, ਸੂਰਜਮੁਖੀ ਅਤੇ ਹੋਰ ਸਥਾਨਕ ਸਬਜ਼ੀਆਂ ਲਗਾਈਆਂ। "ਅਸੀਂ ਪੂਰਾ ਸਾਲ ਘਰ ਦੀਆਂ ਸਬਜ਼ੀਆਂ ਖਾਧੀਆਂ ਅਤੇ ਬਾਕੀ ਵੇਚ ਕੇ ਇਸ ਸਾਲ 15 ਹਜ਼ਾਰ ਰੁਪਏ ਕਮਾਏ। ਇਸ ਕਰਕੇ ਇਸ ਸਾਲ ਮੈਨੂੰ ਦੂਰ-ਦੁਰਾਡੇ ਆਂਧਰਾ ਪ੍ਰਦੇਸ਼ ਨਹੀਂ ਜਾਣਾ ਪਿਆ।" ਸ਼ਤਰ ਨੇ ਬੜਾ ਹੀ ਖੁਸ਼ ਹੋ ਕੇ ਦੱਸਿਆ।

ਇਸੇ ਤਰ੍ਹਾਂ ਉਜਲ ਨੇ ਵੀ 50 ਡੈਸੀਮਲ ਜ਼ਮੀਨ ਤੇ ਪਿਆਜ਼ ਲਗਾਇਆ। ਵੱਟਾਂ ਤੇ ਅਰਹਰ ਦੀ ਖੇਤੀ ਵੀ ਕੀਤੀ। ਉਸਦੇ ਦੱਸਣ ਅਨੁਸਾਰ ਉਸਨੇ ਇਸ ਸਾਲ 14 ਹਜ਼ਾਰ ਰੁਪਏ ਕਮਾਏ ਅਤੇ ਉਸਨੂੰ ਬਾਹਰ ਜਾਣ ਦੀ ਵੀ ਲੋੜ ਨਹੀਂ ਪਈ। ਇਹਨਾਂ ਦੋਵਾਂ ਕਿਸਾਨਾਂ ਨੇ ਆਪਣੇ ਪਰਿਵਾਰਿਕ ਮੈਂਬਰਾਂ ਦੀ ਮੱਦਦ ਨਾਲ ਤਲਾਬ ਬਣਾਏ। ਇਸ ਦਾ ਮਤਲਬ ਮਨਰੇਗਾ ਤਹਿਤ ਕੰਮ ਕਰਕੇ ਇਹਨਾਂ ਦੇ ਪਰਿਵਾਰ ਨੂੰ ਰੁਜ਼ਗਾਰ ਵੀ ਮਿਲਿਆ ਅਤੇ ਨਾਲ ਹੀ ਤਲਾਬ ਵੀ ਸਦਾ ਲਈ ਉਹਨਾਂ ਦੀ ਪੂੰਜੀ ਦਾ ਸਾਧਨ ਬਣ ਗਿਆ। ਪਿੰਡ ਦੇ 8 ਹੋਰ ਛੋਟੇ ਕਿਸਾਨਾਂ ਨੇ ਵੀ ਇਹੀ ਤਰੀਕਾ ਬਣਾਇਆ ਹੈ। ਇਸ ਤਰ੍ਹਾਂ ਇਹ ਪਿੰਡ ਦੂਜਿਆ ਲਈ ਪ੍ਰੇਰਨਾ ਦਾ ਸ੍ਰੋਤ ਬਣ ਗਿਆ ਹੈ।

ਅਸ਼ੋਕ ਪਟਨਾਇਕ ਅਨੁਸਾਰ ਇਸ ਇਲਾਕੇ ਵਿੱਚ ਘਰੇਲੂ ਬਗੀਚੀ ਇੱਕ ਸਦੀਆਂ ਪੁਰਾਣਾ ਕਿੱਤਾ ਹੈ। ਹਰ ਘਰ ਵਿੱਚ ਘਰੇਲੂ ਬਗੀਚੀ ਹੁੰਦੀ ਸੀ ਜੋ ਕਿ ਪਰਿਵਾਰ ਦੀਆਂ ਖੁਰਾਕੀ ਜ਼ਰੂਰਤਾਂ ਪੂਰੀਆਂ ਕਰਦੀ ਸੀ। ਪਰ ਸਮੇਂ ਦੇ ਨਾਲ ਇਹ ਕਿੱਤਾ ਛੁੱਟਦਾ ਗਿਆ ਜਿਸਦਾ ਅਹਿਮ ਕਾਰਨ ਸੀ ਮਜਦੂਰਾਂ ਦੀ ਘਾਟ। ਹੁਣ ਕਈ ਗੈਰ ਸਰਕਾਰੀ ਸੰਸਥਾਵਾਂ ਦੀ ਮਿਹਨਤ ਸਦਕਾ ਹਰ ਪਿੰਡ ਵਿੱਚ 20 ਤੋਂ 30 ਪ੍ਰਤੀਸ਼ਤ ਪਰਿਵਾਰ ਘਰੇਲੂ ਬਗੀਚੀ ਵਿੱਚ ਸਬਜ਼ੀਆਂ ਉਗਾਉਣ ਲੱਗ ਪਏ ਹਨ। ਇਹਨਾਂ ਵਿੱਚੋਂ ਜ਼ਿਆਦਾਤਰ ਪਰਿਵਾਰ ਸਬਜ਼ੀਆਂ ਵੇਚ ਕੇ ਚੰਗੀ ਕਮਾਈ ਵੀ ਕਰ ਲੈਂਦੇ ਹਨ।

## ਝੋਨੇ ਅਤੇ ਮੱਛੀ ਪਾਲਣ ਅਧੀਨ ਏਕੀਕ੍ਰਿਤ ਖੇਤੀ

ਕੇਂਦਰਾਪਾੜਾ ਜ਼ਿਲ੍ਹੇ ਦੇ ਰਾਜਨਗਰ ਬਲਾਕ ਵਿੱਚ ਪੈਂਦੇ ਪਿੰਡ ਪਦਮਾਨਵਾਪਤਾਨਾ ਵਿੱਚ ਹਰ ਵਰ੍ਹੇ ਆਉਂਦੇ ਹੜ੍ਹਾਂ ਕਾਰਨ ਮਜ਼ਬੂਰਨ ਕਿਸਾਨਾਂ ਨੂੰ ਝੋਨੇ ਦੀ ਖੇਤੀ ਕਰਨੀ ਪੈਂਦੀ। ਪ੍ਰੰਤੂ ਹੁਣ ਇਹਨਾਂ ਕਿਸਾਨਾਂ ਨੂੰ ਕਨਸਰਨ ਵਰਲਡਵਾਈਡ ਅਤੇ ਯੂਰਪੀਅਨ ਯੂਨੀਅਨ ਦੁਆਰਾ ਸਹਿਯੋਗ ਪ੍ਰਾਪਤ ਅਤੇ ਸਥਾਨਕ ਗੈਰ ਸਰਕਾਰੀ ਸੰਗਠਨ ਆਰ ਸੀ ਡੀ ਸੀ ਦੁਆਰਾ ਲਾਗੂ ਕੀਤੀ ਗਈ ਬਹੁ-ਦੇਸ਼ੀ ਪਹਿਲੋ ਪਰਿਵਰਤਨੋ ਰਾਹੀ ਨਵਾਂ ਸਹਿਯੋਗ ਮਿਲਿਆ। ਕੰਚਨ ਸਮਲ ਜਿਹੇ ਛੋਟੇ ਕਿਸਾਨਾਂ ਨੂੰ ਆਪਣੇ ਝੋਨੇ ਦੇ ਖੇਤ ਵਿੱਚ ਮੱਛੀ ਪਾਲਣ ਅਤੇ ਸਬਜ਼ੀਆਂ ਦੀ ਖੇਤੀ ਲਈ ਸਹਿਯੋਗ ਦਿੱਤਾ ਗਿਆ।

ਕੰਚਨ ਨੂੰ ਸ਼ੁਰੂਆਤ ਵਿੱਚ ਮੱਛੀ ਦੇ 2000 ਬੱਚੇ, ਉਹਨਾਂ ਲਈ ਲੋੜੀਂਦੇ ਭੋਜਨ ਦੇ ਨਾਲ ਹੀ ਸਬਜ਼ੀਆਂ ਦੇ ਬੀਜ ਅਤੇ ਪੌਦੇ ਦਿੱਤੇ ਗਏ। ਜੂਨ 2013 ਵਿੱਚ ਉਸਨੇ ਆਪਣੇ 50 ਡੈਸੀਮਲ ਦੇ ਵਿਹੜੇ ਵਿੱਚ ਏਕੀਕ੍ਰਿਤ ਖੇਤ ਤਿਆਰ ਕਰਨਾ ਸ਼ੁਰੂ ਕੀਤਾ। ਇਸ ਜ਼ਮੀਨ ਨੂੰ ਖੇਤ ਕਮ ਤਲਾਬ ਬਣਾਇਆ ਗਿਆ ਜਿੱਥੇ ਝੋਨੇ ਦੀ ਫ਼ਸਲ ਅਤੇ ਮੱਛੀ ਪਾਲਣ ਦੋਵੇਂ ਕੀਤੇ ਜਾ ਸਕਣ। ਪਾਣੀ ਦੇ ਅੰਦਰ ਆਉਣ ਅਤੇ ਬਾਹਰ ਜਾਣ ਲਈ ਪ੍ਰਬੰਧ ਕੀਤਾ ਗਿਆ ਤਾਂਕਿ ਵਾਧੂ ਪਾਣੀ ਨੂੰ ਬਾਹਰ ਕੱਢਿਆ ਜਾ ਸਕੇ ਅਤੇ ਮੱਛੀਆਂ ਖੇਤ ਦੇ ਅੰਦਰ ਹੀ ਰਹਿਣ। ਖੇਤ ਦੀਆਂ ਵੱਟਾਂ ਉੱਪਰ ਸਬਜ਼ੀ ਲਗਾਈ ਗਈ। ਝੋਨੇ ਵਿੱਚ ਅਤੇ ਸਬਜ਼ੀਆਂ ਵਿੱਚ ਜੈਵਿਕ ਖਾਦ ਦੀ ਵਰਤੋਂ ਕੀਤੀ ਗਈ।



**ਕਟਾਈ ਲਈ ਤਿਆਰ ਬੈਂਗਣ**

ਕੰਚਨ ਨੂੰ ਹੁਣ ਆਪਣੇ ਆਪ ਤੇ ਮਾਣ ਹੈ ਕਿ ਉਸਦੀ ਆਮਦਨੀ ਇਸ ਮਾਡਲ ਤਹਿਤ ਛੋਟੇ ਜਿਹੇ ਖੇਤ ਤੋਂ ਇੱਕ ਸਾਲ ਵਿੱਚ ਹੀ 200 ਗੁਣਾ ਹੋ ਗਈ। "ਮੈਂ ਝੋਨੇ ਦੀ ਫ਼ਸਲ ਤੋਂ ਲਗਭਗ 5000 ਰੁਪਏ ਕਮਾਉਂਦੀ ਸੀ। ਪਰ ਇਸ ਸਾਲ ਝੋਨੇ ਦੀ ਕਮਾਈ ਤੋਂ ਇਲਾਵਾ 8000 ਰੁਪਏ ਮੱਛੀ ਪਾਲਣ ਤੋਂ ਅਤੇ 3000 ਰੁਪਏ ਸਬਜ਼ੀਆਂ ਵੇਚ ਕੇ ਆਮਦਨ ਹੋਈ।" ਕੰਚਨ ਨੇ ਦੱਸਿਆ। ਉਸਨੇ ਅੱਗੇ ਹੋਰ ਜੋੜਦਿਆਂ ਦੱਸਿਆ, "ਅਤੇ ਨਾ ਹੀ ਪਰਿਵਾਰ ਲਈ ਸਬਜ਼ੀਆਂ ਅਤੇ ਮੱਛੀ ਖਰੀਦਣ ਦੀ ਜਰੂਰਤ ਪਈ।" ਕੰਚਨ ਨੇ ਆਪਣੀ ਇਸ ਕਮਾਈ ਨਾਲ ਆਪਣੇ ਬੱਚਿਆਂ ਲਈ ਸਾਈਕਲ, ਪੜ੍ਹਾਈ ਦਾ ਖਰਚਾ ਅਤੇ ਹੋਰ ਪਰਿਵਾਰਿਕ ਜ਼ਰੂਰਤਾਂ ਪੂਰੀਆਂ ਕੀਤੀਆਂ। ਜਨਮੇਜਯਾ, ਜੋ ਕਿ ਇੱਕ ਸਥਾਨਕ ਗੈਰ ਸਰਕਾਰੀ ਸੰਗਠਨ ਦੀ ਫੀਲਡ ਸਟਾਫ ਮੈਂਬਰ ਹੈ, ਨੇ ਦੱਸਿਆ, "ਹੋਰ ਵੀ ਛੋਟੇ ਕਿਸਾਨਾਂ, ਜਿੰਨਾਂ ਨੂੰ ਇਸ ਸਕੀਮ ਤਹਿਤ ਸਹਿਯੋਗ ਦਿੱਤਾ ਗਿਆ, ਲਈ ਇਹ ਬਹੁਤ ਹੀ ਲਾਹੇਵੰਦ ਰਿਹਾ ਹੈ। ਪਰਿਵਾਰ ਦੀਆਂ ਖੁਰਾਕ ਦੀਆਂ ਜ਼ਰੂਰਤਾਂ ਤੋਂ ਇਲਾਵਾ ਇਸ ਖੇਤੀ ਤਹਿਤ ਕਿਸਾਨਾਂ ਦੀ ਆਰਥਿਕ ਸਥਿਤੀ ਵਿੱਚ ਵੀ ਸੁਧਾਰ ਆਇਆ ਹੈ।"



ਸਰੋਜ਼ ਦਸ਼, ਜੋ ਕਿ ਕਨਸਰਨ ਵਰਲਡਵਾਈਡ ਦੇ ਤਕਨੀਕੀ ਕੋਆਰਡੀਨੇਟਰ ਹਨ, ਇਸ ਪਹਿਲ ਨੂੰ ਬੜਾ ਪ੍ਰਭਾਵਸ਼ਾਲੀ ਮੰਨਦੇ ਹਨ। ਉਹਨਾਂ ਦਾ ਕਹਿਣਾ ਹੈ, “ਜਗਤਸਿੰਘਪੁਰ ਅਤੇ ਕੇਂਦਰਾਪਾਡਾ ਜ਼ਿਲ੍ਹਿਆਂ ਦੇ ਚੱਕਰਵਾਤ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਛੋਟੇ ਕਿਸਾਨਾਂ ਨੇ ਬੜੇ ਹੀ ਸਫਲਤਾਪੂਰਵਕ ਢੰਗ ਨਾਲ ਇਸ ਮਾਡਲ ਨੂੰ ਅਪਣਾ ਕੇ ਨਾ ਸਿਰਫ ਕੁਦਰਤੀ ਕਹਿਰ ਦੇ ਪ੍ਰਭਾਵ ਨੂੰ ਘਟਾਇਆ ਹੈ ਬਲਕਿ ਆਪਣੇ ਪਰਿਵਾਰ ਦੀਆਂ ਭੋਜਨ, ਪੋਸ਼ਣ ਅਤੇ ਆਰਥਿਕ ਲੋੜਾਂ ਨੂੰ ਵੀ ਪੂਰਾ ਕੀਤਾ ਹੈ। ਇਹ ਮਾਡਲ ਨਾ ਸਿਰਫ ਭਾਰਤੀ ਤੱਟੀ ਇਲਾਕਿਆਂ ਵਿੱਚ ਬਲਕਿ ਬੰਗਲਾਦੇਸ਼ ਦੇ ਤੱਟੀ ਇਲਾਕਿਆਂ ਵਿੱਚ ਵੀ ਕਾਮਯਾਬ ਸਿੱਧ ਹੋਏ ਹਨ। ਝੋਨੇ-ਮੱਛੀ ਦੀ ਖੇਤੀ ਝੋਨੇ ਦੇ ਖੇਤਾਂ ਵਿੱਚੋਂ 23 ਪ੍ਰਤੀਸ਼ਤ ਤੱਕ ਗੈਸ ਨਿਕਾਸ ਨੂੰ ਘਟਾਉਂਦੇ ਹਨ ਜਿਸ ਨਾਲ ਜਲਵਾਯੂ ਪਰਿਵਰਤਨ ਦੇ ਮਸਲੇ ਨੂੰ ਕਾਫੀ ਹੱਦ ਤੱਕ ਹੱਲ ਕੀਤਾ ਜਾ ਸਕਦਾ ਹੈ।

ਇਹਨਾਂ ਸਭ ਕਿਸਾਨਾਂ ਨੇ ਭੋਜਨ, ਪੋਸ਼ਣ ਅਤੇ ਆਮਦਨੀ ਨੂੰ ਯਕੀਨੀ ਬਣਾ ਕੇ ਸੋਕੇ ਅਤੇ ਗਰੀਬੀ ਦਾ ਡਟ ਕੇ ਸਾਹਮਣਾ ਕੀਤਾ। ਖੈਰ, ਚਾਹੇ ਉਹ ਪੈਸੇ ਪੱਖੋਂ ਗਰੀਬ ਹੋਣ ਪਰ ਉਹਨਾਂ ਨੇ ਆਪਣੇ ਛੋਟੇ ਸਾਧਨਾਂ ਨਾਲ ਵੱਡੀ ਛਲਾਂਗ ਮਾਰੀ ਹੈ। ਸਬੂਤ ਸਪੱਸ਼ਟ ਦੱਸਦੇ ਹਨ, ਜ਼ਮੀਨ ਚਾਹੇ ਛੋਟੀ ਹੀ ਕਿਉਂ ਨਾ ਹੋਵੇ, ਜਲਵਾਯੂ ਪਰਿਵਰਤਨ ਦੇ ਮਸਲੇ ਨੂੰ ਹੱਲ ਕਰਨ ਵਿੱਚ ਮਹੱਤਵਪੂਰਨ ਸਥਾਨ ਰੱਖਦੀ ਹੈ।

ਰਾਜਨ ਕੇ ਪਾਂਡਾ
ਬਸੇਰਾ, ਆਰ /3 ਏ-4 ਜੇ ਐਮ ਕਾਲੋਨੀ, ਬੁੱਧਾਰਾਜਾ
ਸੰਬਲਪੁਰ, 768004
ਉੜੀਸਾ, ਭਾਰਤ
ਈਮੇਲ-ranjanpanda@gmail.com
ਅਜੀਤ ਕੁਮਾਰ ਪਾਂਡਾ
ਕੋ-ਕਨਵੀਨਰ
ਵਾਟਰ ਇਨੀਸ਼ੀਏਟਵਸ, ਉੜੀਸਾ

**Small Farms Big values**
**LEISA INDIA, Vol-16, No.4, December 2014.**